ਸੰਮਤ: ੫੫੮ ਨਾਨਕਸ਼ਾਹੀ
ਸਾਕਾ: ੨੨੦
Weekly Paper
ਸਪਤਾਹਕ ਪਤਰ

ੴ ਸ੍ਰੀ ਵਾਹਿਗੁਰੂ ਜੀ ਕੀ ਫ਼ਤਿਹ ॥

# ਖ਼ਾਲਸਾ ਅਖ਼ਬਾਰ

੧੦ ਚੇਤ ਸੰਨ ੨੦੨੬ Monday, 23 MARCH

ਮੁੱਖ ਸੰਪਾਦਕ
ਗਿਆਨੀ ਗੁਰਜੀਤ ਸਿੰਘ ਪਟਿਆਲਾ
ਸੰਪਾਦਕ: ਗੁਰਪ੍ਰੀਤ ਸਿੰਘ
ਉਪ ਸੰਪਾਦਕ: ਮੇਜਰ ਸਿੰਘ
ਅੰਗਰੇਜ਼ੀ ਸੰਪਾਦਿਕਾ: ਮਨਪ੍ਰੀਤ ਕੌਰ

www.khalsaakhbbar.com ਸੰਪਰਕ: +44 7491374913 khalsaakhbaar@gmail.com editor@khalsaakhbaar.com



## ਈਰਾਨੀ ਅਤੇ ਸਿੱਖ ਯੋਧਾ: ਵਿਰਾਸਤ ਤੇ ਪਰੰਪਰਾ ਦੀ ਕੀ ਦਾਰਸ਼ਨਿਕ ਸਾਂਝ ਹੈ?

ਇਤਿਹਾਸ ਦੇ ਪੰਨਿਆਂ ਨੂੰ ਫਰੋਲਦਿਆਂ, ਦੁਨੀਆ ਦੀਆਂ ਦੋ ਮਹਾਨ ਯੋਧਾ ਪਰੰਪਰਾਵਾਂ — ਈਰਾਨੀ (ਪਾਰਸੀ) ਅਤੇ ਸਿੱਖ ਪੰਥ— ਦੇ ਵਿਚਕਾਰ ਇੱਕ ਪ੍ਰਭਾਵਸ਼ਾਲੀ ਸਮਾਨਤਾ ਨਜ਼ਰ ਆਉਂਦੀ ਹੈ। ਇਹ ਸਿਰਫ਼ ਹਥਿਆਰਾਬੰਦ ਪਰੰਪਰਾ ਤੱਕ ਸੀਮਿਤ ਨਹੀਂ, ਸਗੋਂ ਇਹਨਾਂ ਦੇ ਪਿੱਛੇ ਇੱਕ ਸਾਂਝੀ ਨਸਲੀ ਜੜ੍ਹ ਨਾਲੋਂ ਵਿਚਾਰਧਾਰਕ ਪਿਛੋਕੜ ਕੰਮ ਕਰ ਰਿਹਾ ਹੈ।ਸਿੰਥੀਅਨ ਜਾਂ 'ਸਾਕਾ' ਕਬੀਲੇ ਪ੍ਰਾਚੀਨ ਇਤਿਹਾਸ ਦੇ ਸਭ ਤੋਂ ਭਿਆਨਕ ਅਤੇ ਕੁਸ਼ਲ ਘੋੜਸਵਾਰ ਯੋਧੇ ਮੰਨੇ ਜਾਂਦੇ ਸਨ। ਸਿੰਥੀਅਨਾਂ ਦਾ ਜਨਮ ਸਥਾਨ ਮੱਧ ਏਸ਼ੀਆਈ ਸਟੈਪਸ ਅਤੇ ਅਲਤਾਈ ਪਹਾੜਾਂ ਦੇ ਆਲੇ-ਦੁਆਲੇ ਦਾ ਖੇਤਰ ਸੀ, ਪਰ ਉਹਨਾਂ ਦੀ ਭਾਸ਼ਾ ਅਤੇ ਸੱਭਿਆਚਾਰ ਪੂਰਬੀ ਈਰਾਨੀ ਪਰਿਵਾਰ ਨਾਲ ਸਬੰਧਿਤ ਸੀ। ਪ੍ਰਾਚੀਨ ਈਰਾਨੀ ਸਾਮਰਾਜ (ਜਿਵੇਂ ਅਕੀਮੇਨੀਅਨ) ਅਤੇ ਸਿੰਥੀਅਨ ਇੱਕੋ ਆਰੀਅਨ/ਈਰਾਨੀ ਮੂਲ ਦੀਆਂ ਦੋ ਸ਼ਾਖਾਵਾਂ ਸਨ। ਈਰਾਨ ਦੇ 'ਸਿਸਤਾਨ' ਖੇਤਰ ਦਾ ਨਾਮ ਹੀ 'ਸਾਕਾਸਤਾਨ' ਤੋਂ ਪਿਆ ਹੈ, ਜੋ ਸਿੰਥੀਅਨਾਂ ਦੇ ਉੱਥੇ ਵੱਸਣ ਦਾ ਸਬੂਤ ਹੈ। ਇਤਿਹਾਸਕਾਰਾਂ (ਜਿਵੇਂ ਕਿ ਕਨਿੰਘਮ ਅਤੇ ਟੌਡ) ਦਾ ਮੰਨਣਾ ਹੈ ਕਿ ਪੰਜਾਬ ਦੇ ਪ੍ਰਮੁੱਖ ਖੇਤੀਬਾੜੀ ਅਤੇ ਯੋਧਾ ਕਬੀਲੇ (ਜਿਵੇਂ ਜੱਟ, ਖੱਤਰੀ ਅਤੇ ਅਰੋੜੇ) ਉਹਨਾਂ ਇੰਡੋ-ਸਿੰਥੀਅਨਾਂ ਦੀ ਅੰਸ਼ ਹਨ ਜੋ ਸਦੀਆਂ ਪਹਿਲਾਂ ਉੱਤਰ-ਪੱਛਮੀ ਭਾਰਤ ਵਿੱਚ ਆ ਕੇ ਵੱਸ ਗਏ ਸਨ। ਇਸ ਲਈ, ਕੁਝ ਵਿਦਵਾਨਾਂ ਦਾ ਮੰਨਣਾ ਹੈ ਕਿ ਸਿੱਖਾਂ ਦੇ ਇੱਕ ਵੱਡੇ ਹਿੱਸੇ ਅਤੇ ਪ੍ਰਾਚੀਨ ਈਰਾਨੀ ਯੋਧਿਆਂ ਦਾ ਡੀਐਨਏ ਅਤੇ ਨਸਲੀ ਪਿਛੋਕੜ ਸਾਂਝਾ ਹੈ।ਈਰਾਨੀ ਯੋਧਾ ਵਿਚਾਰਧਾਰਾ ਅਤੇ ਸਿੱਖ ਪੰਥਈਰਾਨੀ ਯੋਧੇ ਆਪਣੀ "ਪਹਿਲਵਾਨੀ" ਅਤੇ "ਜ਼ੂਰਖਾਨੇ" ਲਈ ਜਾਣੇ ਜਾਂਦੇ ਸਨ, ਜੋ ਕਿ ਸਿਰਫ਼ ਸਰੀਰਕ ਕਸਰਤ ਨਹੀਂ ਸਗੋਂ ਇੱਕ ਰੂਹਾਨੀ ਅਨੁਸ਼ਾਸਨ ਸੀ।ਅਰਥਾਤ ਟ੍ਰੇਨਿੰਗ ਸੈਂਟਰ ਸੀ । ਸਿੱਖਾਂ ਦੀ 'ਸੰਤ-ਸਿਪਾਹੀ' ਦੀ ਧਾਰਨਾ ਈਰਾਨੀ ਪਹਿਲਵਾਨ-ਏ-ਮਰਦ' (ਨੈਤਿਕ ਯੋਧਾ) ਦੇ ਬਹੁਤ ਨੇੜੇ ਹੈ। ਗੁਰੂ ਹਰਗੋਬਿੰਦ ਸਾਹਿਬ ਦੁਆਰਾ ਸ਼ੁਰੂ ਕੀਤੀ ਗਈ ਮੀਰੀ-ਪੀਰੀ ਅਤੇ ਗੁਰੂ ਗੋਬਿੰਦ ਸਿੰਘ ਜੀ ਦੁਆਰਾ ਤਿਆਰ ਕੀਤਾ ਗਿਆ ਖਾਲਸਾ ਪੰਥ, ਉਸੇ ਨਿਆਂਪੂਰਨ ਯੁੱਧ (ਧਰਮ ਯੁੱਧ) ਦੀ ਗੱਲ ਕਰਦਾ ਹੈ ਜਿਸਦਾ ਜ਼ਿਕਰ ਫਿਰਦੌਸੀ ਦੇ 'ਸ਼ਾਹਨਾਮੇ' ਵਿੱਚ ਮਿਲਦਾ ਹੈ। ਸਿੱਖਾਂ ਦੀ ਗਤਕਾ ਕਲਾ ਅਤੇ ਈਰਾਨੀ ਸ਼ਸਤਰ ਕਲਾ ਵਿੱਚ ਤਲਵਾਰਬਾਜ਼ੀ ਅਤੇ ਘੋੜਸਵਾਰੀ ਦੇ ਦਾਅ-ਪੇਚ ਹੈਰਾਨੀਜਨਕ ਰੂਪ ਵਿੱਚ ਮਿਲਦੇ-ਜੁਲਦੇ ਹਨ।ਈਰਾਨ ਵਿੱਚ ਸਿੱਖਾਂ ਦਾ ਆਗਮਨ ਅਤੇ ਗੁਰੂ ਸਾਹਿਬਾਨ ਦੀ ਫੇਰੀਈਰਾਨ ਨਾਲ ਸਿੱਖਾਂ ਦਾ ਰੂਹਾਨੀ ਸਬੰਧ ਪਹਿਲੇ ਪਾਤਸ਼ਾਹ ਤੋਂ ਹੀ ਸ਼ੁਰੂ ਹੋ ਗਿਆ ਸੀ। ਆਪਣੀ ਚੌਥੀ ਉਦਾਸੀ (ਪੱਛਮੀ ਦੇਸ਼ਾਂ ਦੀ ਯਾਤਰਾ) ਦੌਰਾਨ ਗੁਰੂ ਨਾਨਕ ਦੇਵ ਜੀ ਮੱਕਾ ਅਤੇ ਬਗਦਾਦ ਹੁੰਦੇ ਹੋਏ ਈਰਾਨ ਦੇ ਇਲਾਕਿਆਂ ਵਿੱਚ ਗਏ ਸਨ। ਇਤਿਹਾਸਕ ਹਵਾਲਿਆਂ ਅਨੁਸਾਰ, ਉਹ ਮਸ਼ਹਦ ਅਤੇ ਖੁਰਮਸ਼ਹਿਰ ਵਰਗੇ ਸ਼ਹਿਰਾਂ ਵਿੱਚ ਰੁਕੇ। ਕੁਝ ਪਰੰਪਰਾਵਾਂ ਅਨੁਸਾਰ ਭਾਈ ਮਰਦਾਨਾ ਜੀ ਦਾ ਦੇਹਾਂਤ ਈਰਾਨ ਦੇ ਖੁਰਮਸ਼ਹਿਰ (ਕੁਰਮ ਨਦੀ ਦੇ ਕੰਢੇ) ਵਿਖੇ ਹੋਇਆ ਸੀ, ਜਿੱਥੇ ਗੁਰੂ ਸਾਹਿਬ ਨੇ ਖੁਦ ਉਹਨਾਂ ਦੀ ਅੰਤਿਮ ਰਸਮ ਕੀਤੀ ਸੀ। 20ਵੀਂ ਸਦੀ ਦੇ ਸ਼ੁਰੂ ਵਿੱਚ (1900-1920 ਦੇ ਆਸ-ਪਾਸ) ਬ੍ਰਿਟਿਸ਼ ਰੇਲਵੇ ਦੇ ਕੰਮ ਲਈ ਪੰਜਾਬ ਤੋਂ ਸਿੱਖ ਈਰਾਨ (ਜ਼ਾਹੇਦਾਨ) ਪਹੁੰਚੇ ਸਨ। ਇਹ ਲੋਕ ਮੁੱਖ ਤੌਰ 'ਤੇ ਰਾਵਲਪਿੰਡੀ ਅਤੇ ਪੋਠੋਹਾਰ ਦੇ ਇਲਾਕਿਆਂ ਤੋਂ ਸਨ।20ਵੀਂ ਸਦੀ ਦੇ ਸ਼ੁਰੂ ਵਿੱਚ ਬ੍ਰਿਟਿਸ਼ ਰੇਲਵੇ ਪ੍ਰੋਜੈਕਟ (ਕਵੇਟਾ-ਜ਼ਾਹਿਦਾਨ ਲਾਈਨ) ਦੌਰਾਨ ਪੰਜਾਬੀ ਸਿੱਖ ਵਪਾਰੀ ਅਤੇ ਟਰੱਕ ਡਰਾਈਵਰ ਦੇ ਤੌਰ ਉਪਰ ਈਰਾਨ ਆਏ। ਜ਼ਾਹਿਦਾਨ (ਪਹਿਲਾਂ ਦੋਜ਼ਦਾਬ) ਉਨ੍ਹਾਂ ਦਾ ਪਹਿਲਾ ਆਧਾਰ ਬਣਿਆ। ਰੇਜ਼ਾ ਸ਼ਾਹ ਪਹਿਲਵੀ ਨੇ ਇਸ ਥਾਂ ਨੂੰ 'ਜ਼ਾਹਿਦਾਨ' (ਪਵਿੱਤਰ ਲੋਕਾਂ ਦਾ ਸ਼ਹਿਰ) ਨਾਮ ਦਿੱਤਾ ,ਕਿਉਂਕਿ ਉਨ੍ਹਾਂ ਨੇ ਸਿੱਖਾਂ ਨੂੰ ਚਿੱਟੀ ਚਾਦਰਾਂ ਵਾਲੇ ਤੀਰਥ ਯਾਤਰੀ ਸਮਝਿਆ। 1921 ਵਿੱਚ ਜ਼ਾਹਿਦਾਨ ਵਿੱਚ ਪਹਿਲਾ ਗੁਰਦੁਆਰਾ ਬਣਿਆ – ਪੱਛਮੀ ਏਸ਼ੀਆ ਵਿੱਚ ਪਹਿਲਾ। ਫਿਰ ਤੇਹਰਾਨ ਵਿੱਚ 1941 ਦੌਰਾਨ ਗੁਰਦੁਆਰਾ ਬਣਿਆ। ਇਹ ਸਿੱਖ ਵਪਾਰੀ ਸਨ ਜ਼ੋ ਆਟੋ ਪਾਰਟਸ, ਟਰਾਂਸਪੋਰਟ , ਮਸਾਲਿਆਂ ਦੇ ਬਿਜਨਿਸ ਅਤੇ ਬੈਂਕਿੰਗ ਵਿੱਚ ਸਫਲ ਹੋਏ। 1979 ਤੋਂ ਪਹਿਲਾਂ ਸਿੱਖਾਂ ਦੀ ਆਬਾਦੀ 5000 ਤੱਕ ਪਹੁੰਚੀ, ਪਰ ਇਸਲਾਮੀ ਇਨਕਲਾਬ ਅਤੇ ਈਰਾਨ-ਇਰਾਕ ਯੁੱਧ ਨੇ ਇਸ ਨੂੰ ਘਟਾ ਦਿੱਤਾ। ਅੱਜ ਤੇਹਰਾਨ ਵਿੱਚ 60-100 ਪਰਿਵਾਰ (ਕੁੱਲ ਮਿਲਾ ਕੇ 100 ਤੋਂ ਘੱਟ ਪਰਿਵਾਰ) ਰਹਿੰਦੇ ਹਨ – ਜ਼ਾਹਿਦਾਨ ਅਤੇ ਬੰਦਰ ਅੱਬਾਸ ਵਿੱਚ ਵੀ ਥੋੜ੍ਹੀ ਗਿਣਤੀ ਹੈ। ਉਥੇ 10-20 ਸਿੱਖ ਪਰਿਵਾਰ ਰਹਿੰਦੇ ਹਨ। ਭਾਵੇਂ ਸਿੱਖ ਧਰਮ ਅਧਿਕਾਰਤ ਘੱਟ ਗਿਣਤੀ ਵਜੋਂ ਮਾਨਤਾ ਪ੍ਰਾਪਤ ਨਹੀਂ (ਸਿਰਫ਼ ਈਸਾਈ, ਯਹੂਦੀ ਅਤੇ ਜ਼ਰਥੁਸ਼ਟਰੀ ਹਨ), ਫਿਰ ਵੀ ਸਿੱਖਾਂ ਨੂੰ ਅਜ਼ਾਦੀ ਹੈ। ਤੇਹਰਾਨ ਦਾ ਗੁਰਦੁਆਰਾ ਭਾਈ ਗੰਗਾ ਸਿੰਘ ਸਭਾ (1967) ਇੱਕ ਸੱਭਿਆਚਾਰਕ ਕੇਂਦਰ ਹੈ ਜਿੱਥੇ ਭਾਰਤੀ ਦੂਤਾਵਾਸ ਵਾਲੇ ਵੀ ਆਉਂਦੇ ਹਨ। ਜੇਕਰ ਅਸੀਂ ਗਹਿਰਾਈ ਨਾਲ ਦੇਖੀਏ ਤਾਂ ਈਰਾਨੀ ਅਤੇ ਸਿੱਖ ਵਿਰਾਸਤ ਦਾ ਮੇਲ ਬਹਾਦਰੀ ,ਵੱਖਰੀ ਪਛਾਣ ਅਤੇ "ਅਣਖ" ਦੀ ਸਾਂਝ ਹੈ। ਜਿੱਥੇ ਈਰਾਨੀ ਸੱਭਿਆਚਾਰ ਨੇ ਸਦੀਆਂ ਤੱਕ ਅਰਬੀ ਅਤੇ ਮੰਗੋਲ ਹਮਲਿਆਂ ਦੇ ਬਾਵਜੂਦ ਆਪਣੀ ਪਛਾਣ ਬਣਾਈ ਰੱਖੀ, ਉੱਥੇ ਸਿੱਖਾਂ ਨੇ ਮੁਗਲ ਅਤੇ ਅਫਗਾਨ ਜ਼ੁਲਮ ਦੇ ਸਾਹਮਣੇ ਗੋਡੇ ਨਹੀਂ ਟੇਕੇ। ਸਿੱਖ ਪੰਥ ਨੇ ਲੋਕ ਰੱਖਿਆ, ਨਿਆਂ ਲਈ ਧਰਮ ਯੁੱਧ ਲੜਿਆ ਅਤੇ ਸ਼ਹਾਦਤ ਦਾ ਮਹਾਨ ਫਲਸਫਾ ਗੁਰੂ ਗ੍ਰੰਥ ਸਾਹਿਬ ਤੋਂ ਪ੍ਰਾਪਤ ਕੀਤਾ।ਬਾਬਾ ਬੰਦਾ ਸਿੰਘ ਬਹਾਦਰ ਦਾ ਖ਼ਾਲਸਾ ਰਾਜ ਅਤੇ ਮਹਾਰਾਜਾ ਰਣਜੀਤ ਸਿੰਘ ਦਾ ਸਿੱਖ ਰਾਜ ਇਸ ਵਿਰਾਸਤ ਦੀਆਂ ਮਿਸਾਲਾਂ ਹਨ। ਸੱਭਿਆਚਾਰਕ ਤੌਰ 'ਤੇ ਸਿੱਖਾਂ ਨੇ ਆਪਣੀ ਇੱਕ ਵੱਖਰੀ ਰੂਹਾਨੀ ਪਛਾਣ ਸਿਰਜੀ ਹੈ ਜੋ ਕਿਸੇ ਨਸਲ ਨਾਲੋਂ ਕਿਤੇ ਵੱਡੀ ਹੈ। ਈਰਾਨ ਵਿੱਚ ਸਿੱਖਾਂ ਦੀ ਘਟਦੀ ਗਿਣਤੀ ਇੱਕ ਚਿੰਤਾ ਦਾ ਵਿਸ਼ਾ ਹੈ, ਜੋ ਕਿ ਆਰਥਿਕ ਪਾਬੰਦੀਆਂ ਅਤੇ ਸਖ਼ਤ ਸਥਾਨਕ ਨਿਯਮਾਂ ਤੇ ਜੰਗਾਂ ਕਾਰਨ ਹੋ ਰਹੀ ਹਿਜਰਤ ਦਾ ਨਤੀਜਾ ਹੈ।ਈਰਾਨੀ ਯੋਧਾ ਅਤੇ ਸਿੱਖ ਪਰੰਪਰਾਵਾਂ ਇੱਕੋ ਸਿੱਕੇ ਦੇ ਦੋ ਪਹਿਲੂ ਹਨ — ਇੱਕ ਪ੍ਰਾਚੀਨ ਸਾਮਰਾਜੀ ਸ਼ਾਨ ਦਾ ਪ੍ਰਤੀਕ ਹੈ ਅਤੇ ਦੂਜੀ ਲੋਕਤੰਤਰੀ ਅਜ਼ਾਦੀ ਅਤੇ ਧਾਰਮਿਕ ਅਣਖ ਦੀ। ਪ੍ਰਾਚੀਨ ਈਰਾਨੀ ਦਰਸ਼ਨ (ਜ਼ੋਰਾਸਟਰੀਅਨਿਜ਼ਮ) ਵਿੱਚ 'ਅਸ਼ਾ' (Asha) ਦਾ ਸੰਕਲਪ ਹੈ, ਜੋ ਖੁਦਾ, ਸੱਚ ਅਤੇ ਨਿਆਂ ਨੂੰ ਦਰਸਾਉਂਦਾ ਹੈ। 'ਸ਼ਾਹਨਾਮਾ' ਦੇ ਨਾਇਕ ਜਿਵੇਂ ਰੁਸਤਮ, ਹਮੇਸ਼ਾ ਬੁਰਾਈ (ਅਹਰੀਮਨ) ਵਿਰੁੱਧ ਲੜਦੇ ਹਨ।ਸਿੱਖ ਪੰਥ ਵਿੱਚ 'ਸੰਤ-ਸਿਪਾਹੀ' ਦਾ ਸੰਕਲਪ ਹੈ। ਗੁਰੂ ਗੋਬਿੰਦ ਸਿੰਘ ਜੀ ਨੇ 'ਧਰਮ ਯੁੱਧ' ਦਾ ਸਿਧਾਂਤ ਦਿੱਤਾ, ਜਿੱਥੇ ਹਥਿਆਰ ਕੇਵਲ ਉਦੋਂ ਚੁੱਕੇ ਜਾਂਦੇ ਹਨ ਜਦੋਂ ਬਾਕੀ ਸਾਰੇ ਹੀਲੇ ਖ਼ਤਮ ਹੋ ਜਾਣ।ਦੋਵੇਂ ਪਰੰਪਰਾਵਾਂ 'ਗੁਲਾਮੀ' ਨਾਲੋਂ 'ਸ਼ਹਾਦਤ' ਨੂੰ ਪਹਿਲ ਦਿੰਦੀਆਂ ਹਨ। ਈਰਾਨੀ ਮਿਥਿਹਾਸ ਵਿੱਚ ਸਿਆਵੁਸ਼ ਦੀ ਸ਼ਹਾਦਤ ਅਤੇ ਸਿੱਖ ਇਤਿਹਾਸ ਵਿੱਚ ਗੁਰੂ ਸਾਹਿਬਾਨ ਅਤੇ ਸਿੰਘਾਂ ਦੀਆਂ ਸ਼ਹਾਦਤਾਂ ਇਸ ਗੱਲ ਦਾ ਪ੍ਰਮਾਣ ਹਨ ਕਿ ਸੱਚ ,ਨਿਆਂ ਤੇ ਲੋਕ ਹਿਤਾਂ ਲਈ ਜਾਨ ਦੇਣਾ ਹੀ ਸਭ ਤੋਂ ਵੱਡੀ ਜਿੱਤ ਹੈ।

**ਪ੍ਰੋਫੈਸਰ ਬਲਵਿੰਦਰ ਪਾਲ ਸਿੰਘ**

# ਬੇਹੱਦ ਵਡਮੁੱਲਾ ਗੁਣ ਹੈ- 'ਧੀਰਜ' ਰੱਖਣਾ

ਜਨਮ ਅਤੇ ਮਰਨ ਦੇ ਵਿਚਕਾਰ ਜੋ ਅਸੀਂ ਦੁੱਖ ਤੇ ਸੁਖ ਭੋਗਦੇ ਹਾਂ, ਉਸ ਨੂੰ ਜੀਵਨ ਆਖਦੇ ਹਾਂ। ਜੀਵਨ ਕਾਲ ਵਿਚ ਕਈ ਮੁਸੀਬਤਾਂ, ਝਗੜੇ, ਕਲੇਸ਼, ਮੁਕੱਦਮੇ ਅਤੇ ਬਿਮਾਰੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ । ਮੁਸੀਬਤਾਂ ਵੀ ਕਈ ਪਰਕਾਰ ਦੀਆਂ ਹਨ। ਕਈ ਮੁਸੀਬਤਾਂ ਸਾਡੀਆਂ ਆਪਣੀਆਂ ਸਹੇੜੀਆਂ ਹੋਈਆਂ ਹਨ ਅਤੇ ਕਈ ਕੁਦਰਤ ਵੱਲੋਂ ਉਤੇ ਹੀ ਆ ਪੈਂਦੀਆਂ ਹਨ। ਜੇ ਦੋਹਾਂ ਦਾ ਧੀਰਜ ਨਾਲ ਮੁਕਾਬਲਾ ਕਰੀਏ ਤਾਂ ਉਹਨਾਂ ਮੁਸੀਬਤਾਂ ਵਿਚ ਸਦਾ ਰਹਿਣ ਵਾਲੀ ਅਸਲੀਅਤ ਨਹੀਂ ਦਿੱਸੇਗੀ। ਕਈ ਵਾਰ ਅਸੀਂ ਆਪਣੀਆਂ ਕਠਨਾਈਆਂ ਨੂੰ ਵਧਾ-ਚੜ੍ਹਾ ਕੇ ਪੇਸ਼ ਕਰਦੇ ਹਾਂ ਅਤੇ ਇਸ ਤਰ੍ਹਾਂ ਦੇਖਦੇ ਹਾਂ ਕਿ ਉਹ ਅਸਲ ਨਾਲ ਵੱਡੀਆਂ ਵੱਡੀਆਂ ਦਿੱਸਣ ਲੱਗ ਪੈਂਦੀਆਂ ਹਨ।ਬਹੁਤ ਵੱਡਾ ਕਸੂਰ ਇਸ ਵਿਚ ਮਨ ਦਾ ਹੈ ਜੋ ਸਾਡੇ ਅੰਦਰ ਕਾਮ, ਕ੍ਰੋਧ, ਲੋਭ, ਮੋਹ ਅਤੇ ਹੰਕਾਰ ਉਪਜਾਣ ਦਾ ਕਾਰਨ ਬਣਦਾ ਹੈ ਅਤੇ ਇਹਨਾਂ ਪੰਜਾਂ ਰਾਹੀਂ ਮੁਸੀਬਤਾਂ ਖੜ੍ਹੀਆਂ ਹੁੰਦੀਆਂ ਰਹਿੰਦੀਆਂ ਹਨ। ਰਾਤ ਨੂੰ ਹਨ੍ਹੇਰੇ ਤੋਂ ਡਰ ਲੱਗਣ ਲਗਦਾ ਹੈ। ਰਾਤੀਂ ਸੁਫਨਿਆਂ ਤੋਂ ਵੀ ਡਰ ਲਗਦਾ ਹੈ ਅਤੇ ਮੌਤ ਦਾ ਡਰ ਵੀ ਕਾਂਬਾ ਪੈਦਾ ਕਰਦਾ ਹੈ । ਸੋ ਇਹਨਾਂ ਸਾਰੀਆਂ ਮੁਸੀਬਤਾਂ, ਦੁੱਖਾਂ ਅਤੇ ਕਲੇਸ਼ਾਂ ਵਿੱਚੋਂ ਮਨ ਦੀ ਸਥਿਤ ਜਾਂ ਮਨ ਦਾ ਟਿਕਾਓ ਰੱਖਣਾ ਹੀ ਧੀਰਜ ਹੈ।ਪਰ ਮਨ ਦਾ ਟਿਕਾਓ ਐਵੇਂ ਕਿਵੇਂ ਨਹੀਂ ਕਾਇਮ ਰਹਿ ਸਕਦਾ ਜਦ ਤਕ ਮਨ ਨੂੰ ਨਾਮ ਦਾ ਆਸਰਾ ਨਹੀਂ । ਗੁਰੂ ਅਰਜਨ ਦੇਵ ਜੀ ਗਉੜੀ ਬਾਵਨ ਅਖਰੀ ਵਿਚ ਫੁਰਮਾਉਂਦੇ ਹਨ :

ਧੀਰਜੁ ਜਸੁ ਸੋਭਾ ਤਿਹ ਬਨਿਆ ॥
ਹਰਿ ਹਰਿ ਨਾਮੁ ਸ੍ਰਵਨ ਜਿਹ ਸੁਨਿਆ ॥(ਅੰਗ ੨੪੭)

ਗੁਰੂ ਗੋਬਿੰਦ ਸਿੰਘ ਜੀ ਦੇ ਦੋ ਸਾਹਿਬਜ਼ਾਦੇ ਪਹਿਲਾਂ ਸ਼ਹੀਦ ਹੋ ਚੁੱਕੇ ਸਨ। ਬਾਅਦ ਵਿਚ ਨੂਰਾ ਮਾਹੀ, ਹਟਕੋਰੇ ਲੈਂਦਾ ਛਮ-ਛਮ ਅੱਥਰੂ ਕੇਰਦਾ ਛੋਟੇ ਸਾਹਿਬਜ਼ਾਦਿਆਂ ਦੀ ਸ਼ਹੀਦੀ ਤੇ ਨਵਾਬ ਵਜ਼ੀਰ ਖਾਂ ਦੇ ਜ਼ੁਲਮ ਦੀ ਵਾਰਤਾ ਸੁਣਾਉਂਦਾਗਿਆ ਤਾਂ ਰਾਇ ਕਲ੍ਹਾ ਅਤੇ ਹੋਰ ਸੁਣਨ ਵਾਲੀ ਸੰਗਤ ਭੁੱਬਾਂ ਮਾਰ ਕੇ ਰੋ ਪਈ ਪਰ ਪੰਥ ਦੇ ਵਾਲੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਧੀਰਜ ਵਿੱਚ ਅਡੋਲ ਰਹਿ ਕੇ ਤੀਰ ਦੀ ਨੋਕ ਨਾਲ ਸਹਿਜ ਸੁਭਾਏ ਇਕ ਦੱਭ ਦੇ ਬੂਟੇ ਦੀ ਜੜ੍ਹ ਫੋਲ ਰਹੇ ਸਨ । ਜਦ ਨੂਰੇ ਮਾਹੀ ਨੇ ਆਪਣੀ ਵਾਰਤਾ ਖਤਮ ਕੀਤੀ ਤਾਂ ਪੰਥ ਦੇ ਵਾਲੀ ਨੇ ਕੋਲੋਂ ਦੱਭ ਦਾ ਬੂਟਾ ਪੁੱਟਿਆ ਅਤੇ ਦੱਸਿਆ ਕਿ ਜ਼ਾਲਮਾਂ ਦੀ ਜੜ੍ਹ ਪੁੱਟੀ ਗਈ ਹੈ ਅਤੇ ਸਾਹਿਬਜ਼ਾਦੇ ਆਪਣੀ ਕੌਮ ਨੂੰ ਜੀਵਨ-ਕਣੀ ਦੇ ਗਏ ਹਨ । ਗੁਰੂ ਗੋਬਿੰਦ ਸਿੰਘ ਜੀ ਨੇ ਬਾਅਦ ਵਿਚ ਬਾਦਸ਼ਾਹ ਔਰੰਗਜ਼ੇਬ ਵੱਲ ਇਕ ਫ਼ਾਰਸੀ ਵਿਚ ਪੱਤਰ ਲਿਖਿਆ ਜਿਸ ਨੂੰ ਜ਼ਫਰਨਾਮਾ ਜਾਂ ਜਿੱਤ ਦੀ ਚਿੱਠੀ ਆਖਿਆ ਜਾਂਦਾ ਹੈ । ਪੰਥ ਦੇ ਵਾਲੀ ਗੁਰੂ ਗੋਬਿੰਦ ਸਿੰਘ ਜੀ ਨੇ ਜ਼ਫਰਨਾਮੇ ਦੇ ੭੮ਵੇਂ ਬੰਦ ਵਿਚ ਦੱਸਿਆ ਹੈ ਕਿ "ਕੀ ਹੋਇਆ ਜੇ ਚਾਰ ਬੱਚੇ ਕੋਹੇ ਗਏ ? ਅਜੇ ਕੁੰਡਲੀਆ ਸੱਪ ਭੁਜੰਗੀ ਖਾਲਸਾ ਬਾਕੀ ਹੈ !""

ਚਿ ਹਾ ਸ਼ੁਦ ਕਿ ਚੂੰ ਬੱਚਗਾਂ ਕੁਸ਼ਤਹ ਚਾਰ ॥
ਕਿ ਬਾਕੀ ਬਿਮਾਂਦ ਪੇਚੀਦਹ ਮਾਰ ॥੭੮॥

ਇਹ ਘਟਨਾ ਇਤਿਹਾਸ ਵਿਚ ਧੀਰਜ ਦੀ ਇੱਕ ਵੱਡੀ ਮਿਸਾਲ ਹੈ। ਜੇ ਧੀਰਜ ਦੀ ਤਹਿ ਨੂੰ ਸੁਖਮਤਾ ਨਾਲ ਫਰੋਲੀਏ ਤਾਂ ਇਹ ਅਸੀਂ ਪ੍ਰਤੱਖ ਮਹਿਸੂਸ ਕਰ ਸਕਦੇ ਹਾਂ ਕਿ ਇਸ ਪਿੱਛੇ ਜੀਵਨ ਦੀ ਪੂਰੀ ਕਮਾਈ ਹੁੰਦੀ ਹੈ । ਮਾਲੀ ਇਕ ਪੌਦੇ ਨੂੰ ਕਾਫੀ ਚਿਰ ਤੋਂ ਪਾਣੀ ਪਾਉਂਦਾ ਆ ਰਿਹਾ ਹੁੰਦਾ ਹੈ ਪਰ ਧੀਰਜ ਨਾਲ ਸਿੰਜਦਿਆਂ ਆਖਰ ਰੁੱਤ ਆਉਣ 'ਤੇ ਹੀ ਫਲ ਪ੍ਰਾਪਤ ਕਰਦਾ ਹੈ। ਇਸ ਲਈ ਧੀਰਜ ਵਰਗਾ ਮਹਾਨ ਗੁਣ ਅੱਖ ਦੇ ਫੋਰ ਵਿਚ ਪੈਦਾ ਨਹੀਂ ਹੋ ਜਾਂਦਾ ਸਗੋਂ ਇਹ ਤਾਂ ਲੰਬੇ ਸਮੇਂ ਦੀ ਕਮਾਈ ਹੁੰਦੀ ਹੈ। ਧੀਰਜ ਅਤੇ ਸਬਰ ਦੁਆਰਾ ਹਰ ਪ੍ਰਾਪਤੀ ਗੁਣਕਾਰੀ ਹੁੰਦੀ ਹੈ ।ਸੁਕਰਾਤ, ਪਲੈਟੋ, ਅਰਸਤੂ, ਕਨਫਿਊਸ਼ਿਅਸ਼, ਡਾਂਟੇ, ਗੈਟੇ ਅਤੇ ਟਾਲਸਟਾਏ ਆਦਿ ਵਿਦਵਾਨਾਂ ਨੇ ਆਪਣੇ ਵਿਚਾਰਾਂ ਨੂੰ ਸਬਰ, ਧੀਰਜ ਨਾਲ ਮਾਂਜ ਮਾਂਜ ਕੇ ਪੇਸ਼ ਕੀਤਾ ਹੈ। ਪ੍ਰਸਿੱਧ ਵਿਦਵਾਨ ਡਾਰਵਿਨ ਨੇ ਜਦ ਆਪਣਾ ਸਿਧਾਂਤ ਪੇਸ਼ ਕੀਤਾ ਤਾਂ ਉਸ ਦੀ ਵਿਰੋਧਤਾ ਹੋਣ ਲੱਗੀ ਅਤੇ ਖਲਬਲੀ ਜਿਹੀ ਮੱਚ ਗਈ । ਮੌਕਾਪ੍ਰਸਤ ਪ੍ਰੈਸ ਨੇ ਉਸ ਦੇ "ਉਤਪਤੀ ਦੇ ਵਿਕਾਸ" ਦੇ ਸਿਧਾਂਤ ਨੂੰ ਮਜ਼ਦੂਰਾਂ ਦੇ ਖਿਲਾਫ ਦੱਸਿਆ। ਦੂਜੇ ਪਾਸੇ ਸਰਮਾਏਦਾਰਾਂ ਨੇ ਇਸ ਸਿਧਾਂਤ ਨੂੰ ਆਪਣੇ ਮੁਤਾਬਿਕ ਦੱਸਿਆ ਕਿ "ਇਨਕਲਾਬ" ਦੀ ਕੋਈ ਲੋੜ ਨਹੀਂ ਹੈ, ਧੀਰਜ ਰੱਖੋ। ਹੌਲੀ ਹੌਲੀ ਸਭ ਮਜ਼ਦੂਰ ਵੀ ਵਿਕਾਸ ਕਰਦੇ ਕਰਦੇ ਅਮੀਰ ਹੋ ਜਾਣਗੇ ਜਿਵੇਂ ਬਾਂਦਰ ਤੋਂ ਵਿਕਾਸ ਹੁੰਦਾ ਹੁੰਦਾ ਬੰਦਾ ਬਣ ਜਾਂਦਾ ਹੈ। ਪਰ ਅਤਿ ਦੀ ਵਿਰੋਧਤਾ ਸਮੇਂ ਵੀ ਸਿਰੜ, ਸਬਰ ਅਤੇ ਧੀਰਜ ਰੱਖਣ ਨਾਲ ਡਾਰਵਿਨ ਕਾਇਮ ਰਿਹਾ ਅਤੇ ਉਸ ਦਾ ਸਿਧਾਂਤ ਵੀ ਅੱਜ ਲੋਕਾਂ ਨੂੰ ਅਗਵਾਈ ਦਿੰਦਾ ਚਲਾ ਆ ਰਿਹਾ ਹੈ । ਬਾਜੀ ਹਮੇਸ਼ਾਂ ਉਹੀ ਜਿੱਤੇ ਹਨ ਜੋ ਧੀਰਜ ਤੋਂ ਕੰਮ ਲੈਂਦੇ ਹਨ ਜਿਵੇਂ ਪਹਾੜੀ ਬਰਸਾਤੀ ਨਾਲਿਆਂ ਦਾ ਪਾਣੀ ਉਤਰਦਾ ਉਤਰਦਾ ਬੜਾ ਸ਼ੋਰ ਕਰਦਾਹੈ ਪਰ ਬਰਸਾਤਾਂ ਦੇ ਬੰਦ ਹੋਣ ਨਾਲ ਸਭ ਸੁੱਕ ਜਾਂਦੇ ਹਨ। ਇਸ ਦੇ ਉਲਟ ਧੀਰੇ ਧੀਰੇ ਚੱਲਣ ਵਾਲੇ ਦਰਿਆ ਸਾਰਾ ਸਾਲ ਚਲਦੇ ਰਹਿੰਦੇ ਹਨ ।ਇਸੇ ਤਰ੍ਹਾਂ ਗੁਰਮਤਿ ਦੀ ਪੂਰਨ ਫਿਲਾਸਫੀ ੨੩੯ ਵਰ੍ਹਿਆਂ ਵਿਚ ੧੦ ਗੁਰੂ ਸਾਹਿਬਾਨ ਨੇ ਬੜੇ ਧੀਰਜ ਤੇ ਸੰਤੋਖ ਨਾਲ ਸੰਪੰਨ ਕੀਤੀ ਅਤੇ ਅਨੇਕ ਵਿਰੋਧਤਾਵਾਂ ਦੇ ਬਾਵਜੂਦ ਅੱਜ ਤੱਕ ਚੜ੍ਹਦੀ ਕਲਾ ਵਿਚ ਹੈ ਅਤੇ ਇਨ੍ਹਾਂ ਦਿਨਾਂ ਵਿਚ ਅੰਤਰ ਰਾਸ਼ਟਰੀ ਸਿਖਰਾਂ ਨੂੰ ਛੋਹ ਰਹੀ ਹੈ। ਧਨਾਸਰੀ ਰਾਗ ਵਿਚ ਗੁਰੂ ਅਰਜਨ ਦੇਵ ਜੀ ਦਾ ਫੁਰਮਾਨ ਹੈ:

ਅਸਥਿਰ ਰਹਹੁ ਡੋਲਹੁ ਮਤ ਕਬਹੂ ਗੁਰ ਕੈ ਬਚਨਿ ਅਧਾਰਿ ॥
ਜੈ ਜੈ ਕਾਰੁ ਸਗਲ ਭੂ ਮੰਡਲ ਮੁਖ ਊਜਲ ਦਰਬਾਰ ॥(ਅੰਗ ੬੭੮ )

ਗੁਰਬਾਣੀ ਦਾ ਓਟ-ਆਸਰਾ ਲੈਣ ਵਾਲੇ ਸੁਭਾਅ ਧੀਰਜ ਵਾਲੇ ਬਣ ਜਾਂਦੇ ਹਨ। ਦੁੱਖ ਦੀ ਸਥਿਤੀ ਵਿਚ ਵੀ ਉਨ੍ਹਾਂ ਦੇ ਮਨ ਦਾ ਟਿਕਾਓ ਰਹਿੰਦਾ ਹੈ। ਪਰ ਇਸ ਸਥਿਤੀ ਦੀ ਪ੍ਰਾਪਤੀ ਕੋਈ ਇਕ ਦਿਨ ਦੀ ਗੱਲ ਨਹੀਂ; ਇਸ ਲਈ ਕਾਫੀ ਸਮਾਂ ਲੱਗਦਾ ਹੈ। ਗੁਰਵਾਕ ਹੈ :

ਕਰਹਿ ਸੁ ਹੋਈਐ ਹਾਂ ॥
ਸਹਜਿ ਸੁਖਿ ਸੋਈਐ ਹਾਂ ॥
ਧੀਰਜ ਮਨਿ ਭਏ ਹਾਂ ॥
ਪ੍ਰਭ ਕੈ ਦਰਿ ਪਏ ਮੇਰੇ ਮਨਾ ॥(ਅੰਗ ੪੧੦)

ਗੁਰੂ ਨਾਨਕ ਦੇਵ ਜੀ ਨੇ ਜਪੁਜੀ ਸਾਹਿਬ ਵਿੱਚ ੩੮ਵੀਂ ਪਉੜੀ ਵਿਚ ਧੀਰਜ ਨੂੰ "ਸੁਨਿਆਰ" ਆਖਿਆ ਹੈ । ਸੁਨਿਆਰ ਦਾ ਕੰਮ ਹੁੰਦਾ ਹੈ ਵਧੀਆ ਤੇ ਖੂਬਸੂਰਤ ਗਹਿਣੇ ਘੜਨਾ ਤੇ ਬਨਾਉਣਾ । ਧੀਰਜ ਦੁਆਰਾ ਹੀ ਵਾਹਿਗੁਰੂ ਦੀ ਅੰਤ 'ਤੇ ਬਖਸ਼ਸ਼ ਹੁੰਦੀ ਹੈ ਅਤੇ ਨਤੀਜਾ ਇਹ ਨਿਕਲਦਾ ਹੈ ਕਿ ਉੱਚੀ ਅਵਸਥਾ ਵਿਚ ਅਨੰਦ ਦੀ ਪ੍ਰਾਪਤੀ ਹੁੰਦੀ ਹੈ :

ਜਤੁ ਪਾਹਾਰਾ ਧੀਰਜੁ ਸੁਨਿਆਰੁ ॥
ਅਹਰਣਿ ਮਤਿ ਵੇਦੁ ਹਥੀਆਰੁ ॥
ਭਉ ਖਲਾ ਅਗਨਿ ਤਪ ਤਾਉ ॥
ਭਾਂਡਾ ਭਾਉ ਅੰਮ੍ਰਿਤੁ ਤਿਤੁ ਢਾਲਿ ॥
ਘੜੀਐ ਸਬਦੁ ਸਚੀ ਟਕਸਾਲ ॥
ਜਿਨ ਕਉ ਨਦਰਿ ਕਰਮੁ ਤਿਨ ਕਾਰ ॥
ਨਾਨਕ ਨਦਰੀ ਨਦਰਿ ਨਿਹਾਲ ॥੩੮॥(ਅੰਗ ੮)

ਧੀਰਜ ਵਾਲੇ ਮਨੁੱਖ ਹੀ ਆਖਰ ਨੂੰ ਕਿਰਪਾ ਦੇ ਪਾਤਰ ਬਣਦੇ ਹਨ ਤੇ ਓੜਕ ਜੀਵਨ-ਮੁਕਤ ਅਖਵਾਉਂਦੇ ਹਨ। ਉਹ ਨਾਮ ਜਪ ਕੇ ਆਪ ਤਰਦੇ ਹਨ ਅਤੇ ਦੂਜਿਆਂ ਨੂੰ ਵੀ ਤਾਰਦੇ ਹਨ । ਇਹ ਸਭ ਉਨ੍ਹਾਂ ਦੀ ਕਮਾਈ ਦਾ ਹੀ ਪ੍ਰਭਾਵ ਹੁੰਦਾ ਹੈ । ਉਹ ਉੱਚੇ ਆਚਰਣ ਦੇ ਮਾਲਕ ਹੁੰਦੇ ਹਨ। ਉਹਨਾਂ ਨੂੰ ਵਾਹਿਗੁਰੂ ਦੀ ਪ੍ਰਾਪਤੀ ਹੁੰਦੀ ਹੈ ਅਤੇ ਉਹ ਅੱਗੇ ਸੰਸਾਰ ਦੇ ਲੋਕਾਂ ਨੂੰ ਸਬਰ, ਸੰਤੋਖ ਅਤੇ ਧੀਰਜ ਦਾ ਅਮਲੀ ਰਾਹ ਵਿਖਾਉਂਦੇ ਰਹਿੰਦੇ ਹਨ । ਵਾਹਿਗੁਰੂ ਅਜਿਹੇ ਧੀਰਜਵਾਨਾਂ ਨੂੰ ਕਦੇ ਡੋਲਣ ਨਹੀਂ ਦਿੰਦਾ ਅਤੇ ਸਦਾ ਉਹਨਾਂ ਨੂੰ ਸਦਾ ਅਥਾਹ ਬਲ ਮਿਲਦਾ ਰਹਿੰਦਾ ਹੈ ਵਾਹਿਗੁਰੂ ਉਨ੍ਹਾਂ ਦੇ ਹਿਰਦੇ ਦੀ ਜਾਣਦਾ ਹੈ ਅਤੇ ਵਾਹਿਗੁਰੂ ਦਾ ਨਾਮ ਧੀਰਜਵਾਨਾਂ ਦਾ ਅਧਾਰ ਹੈ।ਗੁਰਵਾਕ ਹਨ :

ਤੂ ਕਾਹੇ ਡੋਲਹਿ ਪ੍ਰਾਣੀਆ ਤੁਧੁ ਰਾਖੈਗਾ ਸਿਰਜਣਹਾਰੁ॥
ਜਿਨਿ ਪੈਦਾਇਸਿ ਤੂ ਕੀਆ ਸੋਈ ਦੇਇ ਆਧਾਰੁ ॥
ਜਿਨਿ ਉਪਾਈ ਮੇਦਨੀ ਸੋਈ ਕਰਦਾ ਸਾਰ ॥
ਘਟਿ ਘਟਿ ਮਾਲਕੁ ਦਿਲਾ ਕਾ ਸਚਾ ਪਰਵਦਗਾਰੁ ॥
(ਅੰਗ ੭੨੪)

ਪੰਥ ਦੇ ਵਾਲੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਉਨ੍ਹਾਂ ਨੂੰ ਧੰਨ ਧੰਨ ਅਤੇ ਆਦਰਸ਼ਕ ਮਨੁੱਖ ਆਖਦੇ ਹਨ ਜੋ ਧੀਰਜ ਧਾਰਨ ਕਰਦੇ ਹਨ :

ਧੰਨ ਜੀਓ ਤਿਹਕੋ ਜਗ ਮੈ ਮੁਖ ਤੇ ਹਰਿ ਚਿੱਤ ਮੈ ਜੁਧੁ ਬਿਚਾਰੈ ॥
ਦੇਹ ਅਨਿੱਤ ਨ ਨਿੱਤ ਰਹੈ ਜਸੁ ਨਾਵ ਚੜੈ ਭਵਸਾਗਰ ਤਾਰੈ ॥
ਧੀਰਜ ਧਾਮ ਬਨਾਇ ਇਹੈ ਤਨ ਬੁੱਧਿ ਸੁ ਦੀਪਕ ਜਿਉ ਉਜੀਆਰੈ ॥
ਗਿਆਨਹਿ ਕੀ ਬਢਨੀ ਮਨਹੁ ਹਾਥ ਲੈ ਕਾਤਰਤਾ ਕੁਤਵਾਰ ਬੁਹਾਰੈ ॥(ਸ੍ਰੀ ਦਸਮ ਗ੍ਰੰਥ)


**ਡਾ. ਅਜੀਤ ਸਿੰਘ**

# ਗਤਕਾ

**ਮੋਹਨ ਸਿੰਘ**

ਸਿੱਖਾਂ ਦੀ ਧਰਮ ਯੁੱਧ ਕਲਾ ਗਤਕਾ ਦੀ ਸਾਰੀ ਦੁਨੀਆ ਵਿਚ ਇਕ ਵੱਖਰੀ ਪਹਿਚਾਣ ਹੈ। ਇਸ ਨੇ ਜੰਗੀ ਹੁਨਰ ਵਿਚ ਸੰਸਾਰ ਪੱਧਰ 'ਤੇ ਜੋ ਪ੍ਰਾਪਤੀਆਂ ਕੀਤੀਆਂ ਉਸ ਬਾਰੇ ਜਾਣਕਾਰੀ ਇਸ ਪ੍ਰਕਾਰ ਹੈ:-ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਸ਼ਹੀਦੀ ਦਾ ਸਿੱਖ ਹਿਰਦਿਆਂ ਅੰਦਰ ਬੜਾ ਰੋਸ ਪੈਦਾ ਹੋਇਆ। ਦਸਵੇਂ ਪਾਤਸ਼ਾਹ ਜੀ ਨੇ ਗੁਰਿਆਈ ਸੰਭਾਲਦਿਆਂ ਸਿੱਖ ਧਰਮ ਦੇ ਅਭਿਆਸ ਲਈ ਅਖਾੜਾ ਕਾਇਮ ਕੀਤਾ ਜਿਸ ਵਿਚ ਯੁੱਧ ਕਲਾ ਦੀ ਸਿਖਲਾਈ ਅਤੇ ਸ਼ਸਤਰਾਂ ਦਾ ਅਭਿਆਸ ਕਰਵਾਇਆ ਜਾਣ ਲੱਗਾ। ਗੁਰੂ ਜੀ ਨੇ ਵਡ-ਆਕਾਰੀ ਰਣਜੀਤ ਨਗਾਰਾ ਵਜਾ ਕੇ ਜੱਦੀ ਪੁਸ਼ਤੀ ਆ ਰਹੇ ਰਾਜਿਆਂ ਨੂੰ ਵੰਗਾਰਿਆ। ਹਜ਼ੂਰ ਨੇ ਚੱਲੀ ਆ ਰਹੀ ਮਰਯਾਦਾ ਵਿਚ ਤਬਦੀਲੀ ਕਰਨ ਹਿੱਤ ਸਿੱਖੀ ਦੀ ਪਰਖ ਕਰਦਿਆਂ ਪੰਜ ਆਗਿਆਕਾਰੀ ਸਿੱਖਾਂ ਦੀ ਚੋਣ ਕੀਤੀ। ਉਨ੍ਹਾਂ ਨੂੰ ਇੱਕੋ ਤਰ੍ਹਾਂ ਦੇ ਸੁੰਦਰ ਤੇ ਕੀਮਤੀ ਬਾਣੇ ਪਹਿਨਾ ਕੇ ਸਰਬ ਲੋਹ ਦੇ ਬਾਟੇ ਵਿਚ ਜਲ ਤੇ ਪਤਾਸੇ ਪਾ ਕੇ ਪੰਜ ਬਾਣੀਆਂ ਦਾ ਪਾਠ ਕਰਦਿਆਂ ਹੋਇਆਂ ਉਸ ਵਿਚ ਆਕਰਖਣ ਸ਼ਕਤੀ, ਪ੍ਰੇਮਾ-ਭਾਵ ਭਰ ਕੇ ਮ੍ਰਿਤੂ ਰਹਿਤ ਅੰਮ੍ਰਿਤ ਤਿਆਰ ਕਰ ਕੇ ਛਕਾਇਆ ਤੇ ਉਨ੍ਹਾਂ ਨੂੰ ਸਿੱਖ ਤੋਂ ਸਿੰਘ ਸਾਜਿਆ। ਇਹ ਪੰਜ ਕਕਾਰਧਾਰੀ ਖਾਲਸਾ ਅਖਵਾਇਆ ਫਿਰ ਜਾਚਨਾ ਕਰਕੇ ਆਪ ਉਨ੍ਹਾਂ ਤੋਂ ਅੰਮ੍ਰਿਤ-ਪਾਨ ਕਰ ਕੇ ਵਾਹ ਵਾਹ ਗੋਬਿੰਦ ਸਿੰਘ ਆਪੇ ਗੁਰੁ ਚੇਲਾ ਅਖਵਾਇਆ। ਹਜ਼ੂਰ ਨੇ ਚੱਲੀ ਆ ਰਹੀ ਚਰਨ ਪਾਹੁਲ ਹਮੇਸ਼ਾਂ ਲਈ ਹਟਾ ਕੇ ਖੰਡੇ ਦੀ ਪਾਹੁਲ ਦੀ ਮਰਯਾਦਾ ਪੱਕੇ ਤੌਰ 'ਤੇ ਲਾਗੂ ਕਰ ਕੇ ਸਾਜੇ ਖਾਲਸੇ ਨੂੰ ਸਿੱਧਾ ਆਪਣੇ ਸੰਪਰਕ ਵਿਚ ਲਿਆਂਦਾ ਉਸ ਨੂੰ ਮਸੰਦਾਂ ਦੀ ਸਹਲੰਗੀ ਮਰਯਾਦਾ ਤੋਂ ਅਜ਼ਾਦ ਕੀਤਾ।ਸ਼ਾਸਤਰ ਦੇ ਨਾਲ ਸ਼ਸਤਰ ਵਿੱਦਿਆ ਦੀ ਸਿਖਲਾਈ ਵੀ ਲਾਜ਼ਮੀ ਕੀਤੀ।ਸਾਰੇ ਸਿੱਖ ਅੰਮ੍ਰਿਤ ਛਕ ਕੇ ਸਿੰਘ ਸਜਣ ਤੇ ਸ਼ਸਤਰਾਂ ਤੇ ਗਤਕੇ ਦਾ ਅਭਿਆਸ ਕਰਕੇ ਯੁੱਧ ਵਿੱਦਿਆ ਵਿਚ ਪ੍ਰਬੀਨ ਹੋਣ।ਪਰਿਭਾਸ਼ਾ:ਸਿੱਖਾਂ ਦੀ ਧਰਮ ਯੁੱਧ ਕਲਾ ਦਾ ਅੰਗ ਗਤਕਾ ਹੈ ਜੋ ਮਨੁੱਖੀ ਕਦਰਾਂ-ਕੀਮਤਾਂ ਦਾ ਸਤਿਕਾਰ ਕਰਨ, ਭੈ ਰਹਿਤ ਰਹਿਣ ਤੇ ਨਿਸ਼ਕਾਮਤਾ ਵਾਲੀ, ਗੁਰਮਤਿ ਅਨੁਸਾਰੀ ਜੀਵਨ-ਜਾਚ ਸਿਖਾਉਂਦਾ ਹੈ। ਗਤਕਾ ਸ਼ਬਦ ਦੇ ਤ੍ਰੈ ਅੱਖਰਾਂ ਦਾ ਅਰਥ 'ਗ' ਅੱਖਰ ਦਾਗਤੀ ਅਥਵਾ ਚਾਲ, 'ਤ' ਅੱਖਰ ਦਾ ਤਾਲਮੇਲ ਅਤੇ 'ਕ' ਅੱਖਰ ਦਾ ਕਾਲ ਭਾਵ ਸਮਾਂ ਕੀਤਾ ਜਾਂਦਾ ਹੈ। ਜਿਸ ਦਾ ਮਤਲਬ ਹੈ ਕਿ ਜਦ ਗਤਕਾ ਖੇਡਦਿਆਂ ਰਫ਼ਤਾਰ, ਸ਼ਸਤਰ ਦਾ ਪੈਂਤਰੇ ਨਾਲ ਤਾਲਮੇਲ ਅਤੇ ਰੋਕਣ ਤੇ ਠੋਕਣ ਵੇਲੇ ਸਮੇਂ ਦਾ ਸਹੀ ਖਿਆਲ ਰੱਖਣਾ ਅਤਿਅੰਤ ਜ਼ਰੂਰੀ ਹੈ। ਉਪਰੋਕਤ ਵਿਚਾਰ ਸੀਨਾ-ਬ-ਸੀਨਾ ਚੱਲੀ ਆ ਰਹੀ ਹੈ।ਗਤਕੇ ਦੇ ਇਸ ਤਿੰਨ ਹੱਥ ਲੰਮੇ ਡੰਡੇ ਦੀ ਮੋਟਾਈ ਪੌਣਾ ਇੰਚ ਤੇ ਵਜ਼ਨ ਅੱਧਾ ਕਿਲੋਗ੍ਰਾਮ ਹੋਣਾ ਚਾਹੀਦਾ ਹੈ। ਇਸ ਦੀ ਮੁੱਠ ਉੱਪਰ ਸੋਟੀ ਵਾਲੇ ਪਾਸੇ ਲੱਗੇ ਵੱਡੇ ਲਾਟੂ ਨੂੰ ਪਰਜ ਕਿਹਾ ਜਾਂਦਾ ਹੈ ਜਿਸ ਦੇ ਉੱਤੇ ਨਰਮ ਜੇਹੀ ਫੋਮ ਲਾਈ ਜਾਂਦੀ ਹੈ ਤਾਂ ਕਿ ਲੱਕੜ ਦੀ ਰਗੜ ਹੱਥ ਨੂੰ ਨਾ ਲੱਗੇ। ਹੱਥ ਦੇ ਬਾਹਰਲੇ ਪਾਸੇ ਲੱਕੜ ਦਾ ਛੋਟਾ ਲਾਟੂ ਲਾਇਆ ਜਾਂਦਾ ਹੈ। ਵੱਡੇ ਲਾਟੂ ਦੇ ਵਿਚਕਾਰ ਤੇ ਛੋਟੇ ਦੇ ਬਾਹਰਲੇ ਪਾਸੇ ਬਾਂਸ ਆਦਿਕ ਦੇ ਗੁੱਜੇ ਲਾ ਕੇ ਇਨ੍ਹਾਂ ਨੂੰ ਸੋਟੀ ਦੇ ਨਾਲ ਪੂਰੀ ਤਰ੍ਹਾਂ ਜੋੜਿਆ ਜਾਂਦਾ ਹੈ। ਚਮੜੇ ਦਾ ਖੋਲ ਹੱਥ ਦੀ ਰਖਵਾਲੀ ਲਈ ਰੱਖਿਆ-ਕਵਚ ਦਾ ਕੰਮ ਕਰਦਾ ਹੈ । ਸਾਰੀ ਸੋਟੀ ਉੱਤੇ ਨਵਾਰ ਦਾ ਕਪੜਾ ਚਾੜ੍ਹਿਆ ਜਾਂਦਾ ਹੈ। ਇਸ ਸੋਟੀ ਨੂੰ ਗਤਕਾ ਕਹੀਦਾ ਹੈ।ਪੈਂਤਰਾ:ਗਤਕੇ ਦਾ ਮੁੱਢਲਾ ਸ਼ਬਦ ਪੈਂਤਰਾ ਹੈ, ਇਸ ਨੂੰ ਪੈਂਤੜਾ ਅਥਵਾ ਪਾਇਤਾ ਵੀ ਕਿਹਾ ਜਾਂਦਾ ਹੈ। ਇਸ ਲਈ ਇਹ ਨਿਯਮ ਹੈ ਕਿ ਗਤਕਈ ਪੈਰਾਂ ਨੂੰ ਜ਼ਮੀਨ 'ਤੇ ਜੰਮਾ ਕੇ ਰੱਖਣ ਜਾਂ ਵਿਸ਼ੇਸ਼ ਕਦਮ ਚਾਲ ਚੱਲ ਕੇ ਸ਼ਸਤਰ ਚਲਾਉਣ ਜਾਂ ਬਚਾਅ ਕਰਨ ਲਈ ਸਾਵਧਾਨ ਰਹਿਣ ਤੇ ਸਹੀ ਪੈਂਤਰੇ ਦੀ ਵਰਤੋਂ ਕਰਨ। ਜੇਕਰ ਖੇਡਿਆ ਜਾਣ ਵਾਲਾ ਪੈਂਤਰਾ ਸ਼ਸਤਰ ਨਾਲ ਮੇਲ ਨਾ ਖਾਂਦਾ ਹੋਵੇ ਤਾਂ ਸ਼ਸਤਰ-ਚਾਲਕ ਨੂੰ ਫੱਟੜ ਵੀ ਕਰ ਸਕਦਾ ਹੈ। ਪਹਿਨੇ ਜਾਣ ਵਾਲੇ ਚੋਲੇ ਦੀ ਹਰ ਚੀਜ਼ ਵੀ ਪੈਂਤਰੇ ਵਿਚ ਹੁੰਦੀ ਹੈ ਤੇ ਨਿਹੰਗ ਸਿੰਘਾਂ ਵੱਲੋਂ ਵਰਤੇ ਜਾਣ ਵਾਲੇ ਬੋਲੇ ਵੀ ਪੈਂਤਰੇ ਦਾ ਹਿੱਸਾ ਹੁੰਦੇ ਹਨ।ਗਤਕੇ ਦੀ ਸਿਖਲਾਈ ਦੇਣ ਸਮੇਂ ਸਭ ਤੋਂ ਪਹਿਲਾਂ ਪੈਂਤਰੇ ਦਾ ਪਹਿਲਾ ਅੰਗ ਘੁਰੇ ਅਥਵਾ ਚਾਰ ਪੈਰ ਦਾ ਪੈਂਤਰਾ ਹੀ ਸਿਖਾਇਆ ਜਾਂਦਾ ਹੈ । ਪਹਿਲਾ, ਦੂਜਾ ਤੇ ਤੀਜਾ ਪੈਂਤਰਾ ਸੋਟੀ ਚਲਾਉਣ ਦੇ ਕੰਮ ਆਉਂਦਾ ਹੈ। ਇਨ੍ਹਾਂ ਨੂੰ ਸਿੱਖਣ ਤੋਂ ਮਗਰੋਂ ਹੀ ਸ਼ਗਿਰਦ ਸ਼ਸਤਰ ਨੂੰ ਹੱਥ ਲਾ ਸਕਦਾ ਹੈ। ਉਸਤਾਦ ਆਪਣੇ ਸ਼ਗਿਰਦਾਂ ਨੂੰ ਵੱਖੋ-ਵੱਖਰੀ ਕਿਸਮ ਦੇ ਪੈਂਤਰੇ ਸਿਖਾਲ ਕੇ ਸ਼ਸਤਰ ਕਲਾ ਵਿਚ ਪੂਰਨ ਰੂਪ ਵਿਚ ਸਿੱਖਿਅਤ ਕਰਦੇ ਹਨ ਜਿਨ੍ਹਾਂ ਬਾਰੇ ਜਾਣਕਾਰੀ ਇਸ ਪ੍ਰਕਾਰ ਹੈ:ਅੱਗੇ-ਪਿੱਛੇ ਦਾ, ਸੱਜੇ-ਖੱਬੇ ਦਾ, ਚੜ੍ਹਾਈ-ਉਤਰਾਈ ਦਾ ਤੇ ਪੁੱਠੇ-ਸਿੱਧੇ ਦਾ। ਅੱਧੇ ਪੈਰ ਦਾ, ਇਕ ਪੈਰ ਦਾ, ਡੇਢ ਪੈਰ ਦਾ, ਦੋ ਪੈਰ ਦਾ, ਢਾਈ ਪੈਰ ਦਾ, ਤਿੰਨ ਪੈਰ ਦਾ ਅਤੇ ਜੰਗੀ ਪੈਂਤਰਾ। ਇਹ ਸਾਰੇ ਪੈਂਤਰੇ ਸ਼ਸਤਰ ਚਲਾਉਣ, ਵਾਰ ਕਰਨ ਜਾਂ ਵਾਰ ਰੋਕਣ ਲਈ ਵਰਤੇ ਜਾਂਦੇ ਹਨ। ਪ੍ਰੰਤੂ ਸ਼ਸਤਰਾਂ ਨੂੰ ਸਲਾਮੀ ਦੇਣ ਵਾਲੇ ਪੈਂਤਰਿਆਂ ਨੂੰ ਪੈਂਤਰਾ ਚਾਲ ਕਿਹਾ ਜਾਂਦਾ ਹੈ। ਜਿਹੜੇ ਵੱਖ-ਵੱਖ ਚਾਲਾਂ 'ਤੇ ਆਧਾਰਤ ਹੁੰਦੇ ਹਨ ਜਿਵੇਂ ਕਿ ਸ਼ੇਰ ਚਾਲਪੈਂਤਰਾ, ਘੋੜ ਚਾਲ ਪੈਂਤਰਾ, ਬਾਘ ਚਾਲ ਪੈਂਤਰਾ, ਪਤਾਸਾ ਚਾਲ ਪੈਂਤਰਾ, ਡੱਡੂ ਚਾਲ ਪੈਂਤਰਾ, ਨਾਗ ਵਲ ਪੈਂਤਰਾ ਤੇ ਭਲਵਾਨੀ ਪੈਂਤਰਾ ਆਦਿ।ਘੁਰੇ:ਚਾਰ ਪੈਰ ਦੇ ਪੈਂਤੜੇ ਨੂੰ ਘੁਰੇ ਕਿਹਾ ਜਾਂਦਾ ਹੈ, ਸਾਰੇ ਸ਼ਸਤਰ ਚਲਾਉਣ ਦੀ ਜੁਗਤੀ ਇਨ੍ਹਾਂ ਘੁਰਿਆਂ ਵਿਚ ਹੀ ਹੁੰਦੀ ਹੈ ਕਿਉਂਕਿ ਸਾਰੇ ਸ਼ਸਤਰਾਂ ਦੇ ਸਾਰੇ ਹੀ ਵਾਰ ਪੈਂਤੜੇ ਵਿਚ ਹੀ ਕੀਤੇ ਤੇ ਰੋਕੇ ਜਾਂਦੇ ਹਨ ਤੇ ਉਹ ਪੈਂਤਰਾ ਇਹ ਘੁਰੇ ਹੀ ਹਨ। ਜਿਹੜਾ ਗਤਕਾ ਸਿੱਖਣ ਵਾਲਾ ਖਿਡਾਰੀ ਇਨ੍ਹਾਂ ਸਾਰੇ ਘੁਰਿਆਂ ਦੇ ਪੈਂਤਰੇ ਸਿੱਖਣ ਵਿਚ ਪੂਰੀ ਮੁਹਾਰਤ ਹਾਸਲ ਕਰ ਲਵੇਗਾ ਉਹ ਹੀ ਸਾਰੇ ਸ਼ਸਤਰਾਂ ਨੂੰ ਬੜੀ ਆਸਾਨੀ ਨਾਲ ਚਲਾਉਣ ਅਤੇ ਰੋਕਣ ਵਿਚ ਪ੍ਰਬੀਨ ਹੋ ਜਾਵੇਗਾ।ਨਿਯਮ:ਗਤਕਾ ਸਿੱਖ ਪੰਥ ਦੀ ਧਾਰਮਿਕ ਯੁੱਧ ਵਿੱਦਿਆ ਹੈ ਇਸ ਦੀ ਸਿੱਖਿਆ ਪ੍ਰਾਪਤ ਕਰਨ ਵਾਲਾ ਅੰਮ੍ਰਿਤਧਾਰੀ ਹੋਣਾ ਚਾਹੀਦਾ ਹੈ ਤੇ ਉਸ ਦਾ ਬਾਣਾ ਵੀ ਪੰਥਕ ਸਿਰ 'ਤੇ ਦਸਤਾਰ ਅਤੇ ਗਲ਼ ਚੋਲਾ ਹੋਣਾ ਚਾਹੀਦਾ ਹੈ। ਇਸ ਸਿੱਖੀ ਲਿਬਾਸ ਵਾਲਾ ਵਿਦਿਆਰਥੀ ਹੀ ਗਤਕੇ ਦੀ ਸਿਖਲਾਈ ਲੈ ਸਕਦਾ ਹੈ। ਇਹ ਰਵਾਇਤ ਗੁਰੂ ਕਾਲ ਤੋਂ ਹੀ ਤੁਰੀ ਆਉਂਦੀ ਹੈ ਤੇ ਇਸ ਬਾਰੇ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ੨੩ ਨਵੰਬਰ ਸੰਨ ੨੦੧੨ ਈਸਵੀ ਵਿਚ ਵੀ ਆਦੇਸ਼ ਜਾਰੀ ਕੀਤਾ ਗਿਆ ਹੈ।ਗਤਕਾ ਸਿੱਖਣ ਦੀ ਚਾਹਨਾ ਵਾਲੇ ਨੂੰ ਗਤਕੇ ਦੇ ਅਖਾੜੇ ਦਾ ਮੁਖੀਆ ਇਹਸਿੱਖਿਆ ਦਿੰਦਾ ਹੈ:-"ਸ਼ਸਤਰ ਹਮੇਸ਼ਾਂ ਗਰੀਬਾਂ, ਨਿਤਾਣਿਆਂ, ਮਜ਼ਲੂਮਾਂ, ਔਰਤਾਂ, ਬੱਚਿਆਂ, ਬਜ਼ੁਰਗਾਂ ਦੀ ਰੱਖਿਆ ਵਾਸਤੇ ਹੀ ਵਰਤਣਾ ਹੈ।"ਸਿਖਿਆਰਥੀ ਦੀ ਸਹਿਮਤੀ 'ਤੇ ਉਸਤਾਦ ਉਸ ਨੂੰ ਆਪਣਾ ਸ਼ਗਿਰਦ ਬਣਾਉਂਦਾ ਹੈ ਤੇ ਉਸ ਨੂੰ ਭੁਜੰਗੀ ਕਿਹਾ ਜਾਂਦਾ ਹੈ। ਭੁਜੰਗੀ ਉਸਤਾਦ ਨੂੰ ਦਸਤਾਰ ਭੇਟ ਕਰਕੇ ਉਸ ਤੋਂ ਆਸ਼ੀਰਵਾਦ ਲੈਂਦਾ ਹੈ। ਸ਼ਗਿਰਦ ਵੱਲੋਂ ਲਿਆਂਦਾ ਕੜਾਹ ਪਰਸ਼ਾਦ ਆਦਿਕ ਸ਼ਸਤਰਾਂ ਕੋਲ ਸਜਾ ਕੇ ਉਸ ਦੀ ਸਿਖਲਾਈ ਦੀ ਅਰਦਾਸ ਕੀਤੀ ਜਾਂਦੀ ਹੈ ਇਹ ਰਵਾਇਤ ਪੁਰਾਤਨ ਤੁਰੀ ਆ ਰਹੀ ਹੈ।ਸਿਖਲਾਈ:ਤਖ਼ਤ ਪੋਸ਼, ਮੰਜੇ ਜਾਂ ਕਿਸੇ ਉੱਚੀ ਥਾਂ 'ਤੇ ਬਸਤਰ ਵਿਛਾ ਕੇ ਉਸ ਉੱਪਰ ਇਹ ਸ਼ਸਤਰ ਸਤਿਕਾਰ ਸਹਿਤ ਸਜਾਏ ਜਾਂਦੇ ਹਨ-ਗਤਕਾ, ਛੋਟੀ ਢਾਲ, ਕਿਰਪਾਨ, ਵੱਡੀ ਢਾਲ, ਚੱਕਰ, ਖੰਡਾ, ਖੰਜਰ ਅਤੇ ਬਰਛਾ ਆਦਿਕ। ਮੂਲ ਮੰਤ੍ਰ, ਚੌਪਈ ਸਾਹਿਬ ਆਦਿਕ ਪੜ੍ਹ ਕੇ ਅਰਦਾਸ ਕਰ ਕੇ ਸ਼ਸਤਰ ਵਿੱਦਿਆ ਦੀ ਸਿਖਲਾਈ ਆਰੰਭ ਕੀਤੀ ਜਾਂਦੀ ਹੈ।ਅਖਾੜੇ ਵਿਚ ਆ ਕੇ ਖਿਡਾਰੀ ਜੁੱਸੇ ਗਰਮਾਉਣ ਲਈ ਦੰਡ ਬੈਠਕਾਂ ਕੱਢਦੇ ਤੇ ਦੌੜਾਂ ਲਾਉਂਦੇ ਹਨ। ਸ਼ਸਤਰ ਚੁੱਕਣ ਤੋਂ ਪਹਿਲਾਂ ਤੇ ਮਗਰੋਂ ਗਤਕਈ ਸ਼ਸਤਰਾਂ ਨੂੰ ਸਲਾਮੀ ਦੇਂਦਾ ਹੈ ਜਿਹੜੀ ਸਲਾਮੀ ਪੈਂਤੜੇ ਅਨੁਸਾਰ ਹੁੰਦੀ ਹੈ। ਸ਼ਸਤਰ ਫੜਣ 'ਤੇ ਧਰਨ ਸਮੇਂ ਸ਼ਸਤਰ ਨੂੰ ਨਮਸਕਾਰ ਕੀਤੀ ਜਾਂਦੀ ਹੈ। ਸ਼ਸਤਰ ਵਿੱਦਿਆ ਦੇ ਕਰਤੱਬ ਵਿਖਾਉਣ ਸਮੇਂ ਰਵਾਇਤੀ ਛੰਦਾ ਬੰਦੀ ਵੀ ਨਾਲ-ਨਾਲ ਪੜ੍ਹੀ ਜਾਂਦੀ ਹੈ। ਇਸ ਦੌਰਾਨ ਜ਼ਿਆਦਾਤਰ ਖ਼ਾਲਸਈ ਬੋਲਿਆਂ ਦੀ ਵਰਤੋਂ ਹੀ ਕੀਤੀ ਜਾਂਦੀ ਹੈ।ਗਤਕੇ ਦੀ ਸਿਖਲਾਈ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਸਮੇਂ ਅਰੰਭ ਹੋਈ। ਓਦੋਂ ਤੋਂ ਲੈ ਕੇ ਹੁਣ ਤੱਕ ਇਸ ਨੇ ਬੜੀਆਂ ਪ੍ਰਾਪਤੀਆਂ ਕੀਤੀਆਂ ਹਨ।ਇਸ ਨੇ ਐਸੀ ਜੰਗੀ ਜੋਧੇ ਤਿਆਰ ਕੀਤੇ ਜਿਨ੍ਹਾਂ ਨੇ ਆਪਣੀ ਬਹਾਦਰੀ ਦੇ ਅਦਭੁੱਤ ਕਾਰਨਾਮੇ ਕਰਕੇ ਸਿੱਖ ਪੰਥ ਦਾ ਨਾਂ ਰੋਸ਼ਨ ਕੀਤਾ। ਜਿਨ੍ਹਾਂ ਵਿਚ ਬਾਬਾ ਦੀਪ ਸਿੰਘ ਜੀ ਤੇ ਜਥੇਦਾਰ ਬਾਬਾ ਫੂਲਾ ਸਿੰਘ ਜੀ ਅਕਾਲੀ ਦੇ ਨਾਮ ਜ਼ਿਕਰਯੋਗ ਹਨ। ਸਰਦਾਰ ਹਰੀ ਸਿੰਘ ਜੀ ਨੇ ਮਹਾਰਾਜਾ ਰਣਜੀਤ ਸਿੰਘ ਦੀ ਫੌਜ ਦੀ ਵਾਗਡੋਰ ਸੰਭਾਲ ਕੇ ਬਹਾਦਰੀ ਦੇ ਅਦੁੱਤੀ ਜੌਹਰ ਦਿਖਾਏ ਜਿਸ ਬਾਰੇ ਸਾਰਾ ਸੰਸਾਰ ਜਾਣਦਾ ਹੈ।

# ਪੰਜ ਕਕਾਰਾਂ ਦਾ ਮਹੱਤਵ




ਸਿੱਖ ਇਤਿਹਾਸ ਵਿਚ ਪਹਿਲੀ ਵੈਸਾਖ ੧੭੫੬ ਬਿਕ੍ਰਮੀ ਦਾ ਦਿਨ ਸੁਨਹਿਰੀ ਅੱਖਰਾਂ ਵਿਚ ਦਰਜ ਹੈ। ਇਸ ਦਿਨ ਬਾਦਸ਼ਾਹ ਦਰਵੇਸ਼, ਮਹਾਨ ਸੂਰਮੇ, ਵਿਦਵਾਨ, ਸਰਬੰਸਦਾਨੀ, ਦਸਮ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਅਨੰਦਪੁਰ ਸਾਹਿਬ ਵਿਖੇ ਕੇਸਗੜ੍ਹ ਸਾਹਿਬ ਦੇ ਸਥਾਨ 'ਤੇ ਖਾਲਸਾ ਪੰਥ ਦੀ ਸਾਜਨਾ ਕੀਤੀ। ਭਰੇ ਪੰਡਾਲ ਵਿੱਚੋਂ ਪੰਜ ਪਿਆਰੇ ਚੁਣ ਕੇ 'ਖੰਡੇ ਦੀ ਪਾਹੁਲ' ਛਕਾ ਕੇ ਉਨ੍ਹਾਂ ਨੂੰ ਸਿੰਘ ਦਾ ਖ਼ਿਤਾਬ ਪ੍ਰਦਾਨ ਕੀਤਾ। ਸਿੱਖਾਂ ਨੂੰ ਇਕ ਖਾਸ ਬਾਣਾ ਪਹਿਨਾ ਕੇ ਸਾਰੀ ਦੁਨੀਆ ਦੇ ਧਰਮਾਂ ਵਿੱਚੋਂ ਨਿਆਰੀ ਪਹਿਚਾਣ ਪ੍ਰਦਾਨ ਕੀਤੀ।ਸਿੱਖਾਂ ਦੇ ਪਹਿਲੇ ਗੁਰੂ, ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਦਸਵੇਂ ਗੁਰੂ, ਸ੍ਰੀ ਗੁਰੂ ਗੋਬਿੰਦ ਸਿੰਘ ਜੀ ਤਕ ਹਰ ਇਕ ਨੇ ਜਬਰ-ਜ਼ੁਲਮ, ਅੱਤਿਆਚਾਰਾਂ ਦਾ ਮੁਕਾਬਲਾ ਕਰਨ ਲਈ ਅਵਾਜ਼ ਬੁਲੰਦ ਕੀਤੀ। ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਤੋਂ ਬਾਅਦ ਇਹ ਨਵਾਂ ਰੂਪ ਧਾਰਨ ਕਰ ਗਈ। ਇਸ ਸ਼ਹਾਦਤ ਤੋਂ ਬਾਅਦ ਧਰਮ ਬਚਾਉਣ ਲਈ ਸ਼ਸਤਰਾਂ ਦੀ ਹੋਂਦ ਦੀ ਜ਼ਰੂਰਤ ਮਹਿਸੂਸ ਹੋਈ। ਧਰਮ ਖਾਤਰ ਹੋਈ ਇਸ ਸ਼ਹਾਦਤ ਨੇ ਚੁੱਪ ਬੈਠੀ ਕੌਮ ਦੇ ਧਾਰਮਿਕ ਜਜ਼ਬਿਆਂ ਨੂੰ ਝੰਜੋੜਿਆ। ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਨੇ ਹਥਿਆਰਬੰਦ ਘੋਲ, ਜਾਂ ਸੰਘਰਸ਼ ਦੀ ਪਰੰਪਰਾ ਦਾ ਮੁੱਢ ਬੰਨਿਆ। ਮੀਰੀ-ਪੀਰੀ ਦੀਆਂ ਦੋ ਕਿਰਪਾਨਾਂ ਪਹਿਨ ਕੇ ਅਕਾਲ ਤਖਤ ਸਾਹਿਬ ਦੀ ਸਿਰਜਨਾ ਕੀਤੀ ਅਤੇ ਸਿੱਖਾਂ ਨੂੰ ਸ਼ਸਤਰ ਭੇਟ ਲਿਆਉਣ ਦੇ ਹੁਕਮਨਾਮੇ ਵੀ ਭੇਜੇ। ਹਜ਼ਾਰਾਂ ਸਿੱਖਾਂ ਨੇ ਗੁਰੂ ਦੀ ਫੌਜ ਵਿਚ ਸ਼ਾਮਲ ਹੋ ਕੇ ਜ਼ੁਲਮ ਦੇ ਵਿਰੋਧ ਦਾ ਬਿਗਲ ਵਜਾ ਦਿੱਤਾ । ਇਸ ਸੰਘਰਸ਼ ਦਾ ਬੀਜ ਤਾਂ ਸ੍ਰੀ ਗੁਰੂ ਨਾਨਕ ਦੇਵ ਜੀ ਦੁਆਰਾ ਹੀ ਬੀਜਿਆ ਜਾ ਚੁੱਕਾ ਸੀ । ਬਾਬਰ ਦੁਆਰਾ ਹਿੰਦੁਸਤਾਨ ਉੱਤੇ ਕੀਤੇ ਗਏ ਹਮਲਿਆਂ ਵਿਰੁੱਧ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਅਵਾਜ਼ ਉਠਾਈ। ਆਪਣੀ ਬਾਣੀ ਵਿਚ, ਲੋਕਾਂ ਉੱਤੇ ਹੋਏ ਜ਼ੁਲਮ, ਕਤਲ-ਏ-ਆਮ ਪ੍ਰਤੀ ਗੁਰੂ ਜੀ ਦੇ ਪ੍ਰਤੀਕਰਮ ਦਰਜ ਹਨ। ਬਦਲਦੇ ਸਮੇਂ ਅਨੁਸਾਰ ਹੁਕਮਰਾਨਾਂ ਦੇ ਵਤੀਰੇ ਵਿਚ ਵਾਪਰਦੀ ਤਬਦੀਲੀ ਦੇ ਪ੍ਰਤੀਕਰਮ ਵਜੋਂ ਗੁਰੂ ਸਾਹਿਬਾਨ ਦੇ ਇਸ ਸੰਘਰਸ਼ ਦਾ ਰੂਪ ਵੀ ਬਦਲਿਆ । ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਦੁਆਰਾ ਸੰਘਰਸ਼ ਰੂਪੀ ਬੀਜੇ ਬੀਜ ਨੂੰ ਜਥੇਬੰਦੀ ਦੇ ਸਰੂਪ ਰਾਹੀਂ ਸੰਪੂਰਨਤਾ ਪ੍ਰਦਾਨ ਕੀਤੀ। ਆਪ ਨੇ ਸਿੱਖ ਜਮਾਤ ਨੂੰ ਇਕ ਕੌਮ ਦੇ ਰੂਪ ਵਿਚ ਸਾਹਮਣੇ ਲਿਆਂਦਾ ਜੋ ਕਿਸੇ ਵੀ ਪ੍ਰਕਾਰਦੇ ਜਬਰ ਅਤੇ ਜ਼ੁਲਮ ਦਾ ਡਟ ਕੇ ਸਾਹਮਣਾ ਕਰ ਸਕੇ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਹਥਿਆਰਬੰਦ ਘੋਲ ਜਾਂ ਸੰਘਰਸ਼ ਦੀ ਪਰੰਪਰਾ ਮੁਕੰਮਲ ਜਥੇਬੰਦ ਰੂਪ ਵਿਚ ਸਥਾਪਿਤ ਕੀਤੀ। ਆਪ ਨੇ ਦੋ ਵਿਰੋਧੀ ਭਾਵਾਂ ਦੇ ਸੁਮੇਲ (ਭਗਤੀ+ਸ਼ਕਤੀ) ਨਾਲ ਧਾਰਮਿਕ ਅਤੇ ਰਾਜਨੀਤਿਕ ਤਾਕਤ ਨਾਲ ਲਬਰੇਜ ਕੌਮ ਨੂੰ ਸਿਰਜਿਆ।ਸ੍ਰੀ ਗੁਰੂ ਗੋਬਿੰਦ ਸਿੰਘ ਨੇ ਖਾਲਸਾ ਪੰਥ ਦੀ ਸਾਜਨਾ ਨਾਲ ਇਕ ਵਿਲੱਖਣ ਧਾਰਮਿਕ, ਸਮਾਜਿਕ, ਰਾਜਨੀਤਿਕ ਜਥੇਬੰਦੀ ਦਾ ਗਠਨ ਕਰ ਕੇ ਜ਼ੁਲਮਾਂ ਦਾ ਟਾਕਰਾ ਕਰਨ ਵਾਲੇ ਅਣਖੀਲੇ, ਬਹਾਦਰ ਯੋਧੇ ਪੈਦਾ ਕੀਤੇ। ਇਤਿਹਾਸ ਵਿਚ ਇਹ ਇਕ ਕ੍ਰਾਂਤੀਕਾਰੀ ਤਬਦੀਲੀ ਵਾਪਰੀ। ਗੁਰੂ ਜੀ ਨੇ ਕਾਇਰ, ਸਾਹਸਹੀਣ ਲੋਕਾਂ ਨੂੰ ਸੰਤ ਸਿਪਾਹੀ ਬਣਾ ਦਿੱਤਾ।ਗੁਰੂ ਸਾਹਿਬ ਇਕ ਆਦਰਸ਼ ਮਨੁੱਖ ਸਿਰਜਨਾ ਚਾਹੁੰਦੇ ਸਨ ਜੋ ਨਾ ਤਾਂ ਜੀਵਨ ਪ੍ਰਤੀ ਮੋਹ ਵਿਚ ਗ੍ਰਸਿਆ ਰਹੇ ਅਤੇ ਨਾ ਹੀ ਮੌਤ ਤੋਂ ਭੈਅ ਖਾਵੇ। ਸਿੱਖ, ਮਾਨਸਿਕ ਅਤੇ ਸਰੀਰਿਕ ਗ਼ੁਲਾਮੀ ਤੋਂ ਛੁਟਕਾਰਾ ਪਾ ਕੇ ਬੇਵੱਸ, ਮਜ਼ਲੂਮ ਦੀ ਸਹਾਇਤਾ ਲਈ ਹਮੇਸ਼ਾਂ ਤਲੀ 'ਤੇ ਸੀਸ ਟਿਕਾ ਕੇ ਤਿਆਰ ਰਹੇ:ਜਉ ਤਉ ਪ੍ਰੇਮ ਖੇਲਣ ਕਾ ਚਾਉ।। ਸਿਰ ਧਰਿ ਤਲੀ ਗਲੀ ਮੇਰੀ ਆਉ।। ਇਤੁ ਮਾਰਗਿ ਪੈਰੁ ਧਰੀਜੈ।। ਸਿਰੁ ਦੀਜੈ ਕਾਣਿ ਨ ਕੀਜੈ।।( ਅੰਗ ੧੪੧੨)ਖਾਲਸਾ ਪੰਥ ਦੇ ਉਦੇਸ਼ 'ਵਾਹਿਗੁਰੂ ਜੀ ਕੀ ਫਤਹ', 'ਨਾਮ ਦੀ ਚੜ੍ਹਦੀ ਕਲਾ', 'ਸਰਬੱਤ ਦਾ ਭਲਾ', 'ਦੇਗ-ਤੇਗ ਫਤਹ', 'ਦੀਨ ਦੀ ਰੱਖਿਆ ਕਰਨਾ', ਆਤਮਿਕ ਅਤੇ ਸਰੀਰਿਕ ਬਲ ਦੇ ਸੁਮੇਲ ਨਾਲ ਹੀ ਸੰਭਵ ਹਨ :ਦੇਹ ਸਿਵਾ ਬਰੁ ਮੋਹਿ ਇਹੈ, ਸੁਭ ਕਰਮਨ ਤੇ ਕਬਹੂੰ ਨ ਟਰੋਂ। ਨ ਡਰੋ ਅਰਿ ਸੋ ਜਬ ਜਾਇ ਲਰੋ, ਨਿਸਚੈ ਕਰਿ ਅਪੁਨੀ ਜੀਤ ਕਰੋਂ।ਹਰ ਧਰਮ ਵਿਚ ਕੁਝ ਅਸੂਲ, ਚਿੰਨ੍ਹ ਨੀਯਤ ਕੀਤੇ ਗਏ ਹਨ। ਮੁਸਲਮਾਨਾਂ ਲਈ ਸੁੰਨਤ ਅਤੇ ਹਿੰਦੂਆਂ ਲਈ ਤਿਲਕ, ਜਨੇਊ, ਚੋਟੀ, ਧੋਤੀ ਪਹਿਨਣੇ ਜ਼ਰੂਰੀ ਹਨ। ਆਦਰਸ਼ਾਂ ਨੂੰ ਪ੍ਰਗਟਾਉਣ ਲਈ ਕਿਸੇ ਚਿੰਨ੍ਹ ਦਾ ਨੀਯਤ ਹੋਣਾ ਬਹੁਤ ਜ਼ਰੂਰੀ ਹੈ। ਚਿੰਨ੍ਹ ਇਕ ਜਥੇਬੰਦੀ ਨੂੰ ਪ੍ਰਗਟ ਕਰਦੇ ਹਨ। ਸਿੱਖ ਧਰਮ ਵਿਚ ਪੰਜ ਦਾ ਸਿਧਾਂਤ ਮੁੱਢ ਤੋਂ ਚੱਲਦਾ ਆ ਰਿਹਾ ਹੈ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਇਸ ਸਿਧਾਂਤ ਅਨੁਸਾਰ ਪੰਜ ਪਿਆਰੇ ਚੁਣ ਕੇ ਪੰਜ ਤੱਤਾਂ, ਪਾਣੀ, ਪਤਾਸੇ, ਸਰਬ ਲੋਹ ਦਾ ਬਾਟਾ, ਸਰਬ ਲੋਹ ਦਾ ਖੰਡਾ ਅਤੇ ਪੰਜ ਬਾਣੀਆਂ (ਜਪੁ ਸਾਹਿਬ, ਜਾਪੁ ਸਾਹਿਬ, ਸਵੈਯੇ, ਚੌਪਈ, ਅਨੰਦ ਸਾਹਿਬ ਦਾ ਪਾਠ) ਦੇ ਸੁਮੇਲ ਨਾਲ ਖੰਡੇ ਦੀ ਪਾਹੁਲ ਤਿਆਰ ਕਰ ਕੇ ਪੰਜ ਕਕਾਰ (ਕੇਸ, ਕੰਘਾ, ਕੜਾ, ਕਿਰਪਾਨ, ਕਛਹਿਰਾ) ਧਾਰਨ ਕਰਵਾ ਕੇ ਅੰਮ੍ਰਿਤ ਛਕਾ ਕੇ ਖਾਲਸਾ ਪੰਥ ਦੀ ਸਾਜਨਾ ਕੀਤੀ। ਪੰਜ ਕਕਾਰ ਅੰਮ੍ਰਿਤ ਦੇ ਆਦਰਸ਼ਾਂ ਦੇ ਲਖਾਇਕ ਹਨ। ਇਹ ਸਿੱਖਾਂ ਦੀ ਜਥੇਬੰਦੀ ਲਈ ਮਨੋਵਿਗਿਆਨਕ ਸਾਧਨ ਹਨ।ਕਕਾਰਾਂ ਦੀ ਸਿੱਖ ਧਰਮ ਵਿਚ ਬਹੁਤ ਮਹੱਤਤਾ ਹੈ। ਇਹ ਦਿੱਖ ਪੱਖੋਂ ਇਕਸਾਰਤਾ ਅਤੇ ਊਚ-ਨੀਚ ਜਾਂ ਜਾਤ-ਪਾਤ ਪੱਖੋਂ ਸਮਾਨਤਾ ਦਾ ਪ੍ਰਗਟਾਵਾ ਕਰਦੇ ਹਨ। ਇਹ ਸਿੱਖ ਦਾ ਬਾਹਰਲਾ ਬਾਣਾ ਹਨ। ਸਾਡੇ ਪੁਰਾਤਨ ਸੱਭਿਆਚਾਰ ਵਿਚ ਅਣਖ, ਬਹਾਦਰੀ ਦੇ ਪ੍ਰਤੀਕ ਇਨ੍ਹਾਂ ਕਕਾਰਾਂ ਨੂੰ ਪਹਿਨਣ ਦਾ ਆਦੇਸ਼ ਦੇ ਕੇ ਗੁਰੂ ਜੀ ਨੇ ਸਿੱਖਾਂ ਦਾ ਵਿਲੱਖਣ ਸਰੂਪ ਕਾਇਮ ਕੀਤਾ। ਹਰ ਇਕ ਕਕਾਰ ਆਪਣੇ ਆਪ ਵਿਚ ਇਕ ਖਾਸ ਚਿੰਨ੍ਹ ਤੇ ਪ੍ਰਤੀਕ ਹੈ।ਕੇਸ : ਕੇਸ ਸਭ ਤੋਂ ਮਹੱਤਵਪੂਰਨ ਤੇ ਮੁੱਢਲਾ ਚਿੰਨ੍ਹ ਹਨ। ਇਹ ਸਾਬਤ ਸੂਰਤ ਹੋਣ ਦਾ ਪ੍ਰਮਾਣ ਹਨ। ਕੇਸ ਮਨੁੱਖੀ ਸਰੀਰ ਨਾਲ ਜਨਮ ਤੋਂ ਹੀ ਪੈਦਾ ਹੁੰਦੇ ਹਨ ਜੋ ਪਰਮਾਤਮਾ ਦੇ ਹੁਕਮ ਦਾ ਪ੍ਰਤੀਕ ਹਨ। ਕੇਸ ਕੱਟਣਾ ਪਰਮਾਤਮਾ ਤੋਂ ਬਾਗੀ ਹੋ ਕੇ ਉਸ ਦੇ ਹੁਕਮ ਦੀ ਉਲੰਘਣਾ ਕਰਨਾ ਹੈ। ਜੀਵ ਰੂਪੀ ਸੁਹਾਗਣ ਦਾ ਖਸਮ ਪਰਮਾਤਮਾ ਹੈ। ਕੇਸਾਂ ਤੋਂ ਪਤਾ ਚਲਦਾ ਹੈ ਕਿ ਸਿੱਖਾਂ ਦੀਆਂ ਜਟਾਂ ਨਹੀਂ ਹਨ। ਪੰਜ ਕਕਾਰਾਂ ਵਿੱਚੋਂ ਕੇਸਾਂ ਨੂੰ ਛੱਡ ਕੇ ਜੋ ਬਾਕੀਆਂ ਵਿੱਚੋਂ ਕੋਈ ਗੁੰਮ ਹੋ ਜਾਵੇ ਤਾਂ ਇਸ ਨੂੰ ਕੁਰਹਿਤ ਮੰਨਿਆ ਜਾਂਦਾ ਹੈ ਪਰ ਕੇਸ ਕਟਵਾਉਣ ਵਾਲੇ ਨੂੰ ਪਤਿਤ ਕਰਾਰ ਦਿੱਤਾ ਜਾਂਦਾ ਹੈ।ਚਾਰ ਕਕਾਰ ਬਜ਼ਾਰ ਵਿੱਚੋਂ ਮੁੱਲ ਲਏ ਜਾ ਸਕਦੇ ਹਨ ਪਰ ਕੇਸਾਂ ਨੂੰ ਮੁੱਲ ਨਹੀਂ ਖ੍ਰੀਦਿਆ ਜਾ ਸਕਦਾ। ਆਪਣੇ ਨਿੱਤਨੇਮ ਵਿਚ ਹਰ ਸਿੱਖ, ਅਰਦਾਸ ਰਾਹੀਂ ਕੇਸਾਂ ਨਾਲ ਸਿੱਖੀ ਦੀ ਪਾਲਣਾ ਕਰਨ ਦੀ ਗੁਰੂ ਅੱਗੇ ਬੇਨਤੀ ਕਰਦਾ ਹੈ :"ਸਿੱਖੀ ਕੇਸਾਂ ਸੁਆਸਾਂ ਸੰਗ ਨਿਭਾਉਣੀ "ਸਿਰ ਉੱਤੇ ਸਜੀ ਪੱਗੜੀ ਜਾਂ ਦਸਤਾਰ ਨੂੰ ਪੰਜਾਬੀ ਸੱਭਿਆਚਾਰ ਵਿਚ ਇੱਜਤ, ਮਾਣ, ਸਰਦਾਰੀ ਦਾ ਪ੍ਰਤੀਕ ਮੰਨਿਆ ਜਾਂਦਾ ਹੈ। ਗੁਰੂ ਸਾਹਿਬ ਦੁਆਰਾ ਦੱਸੀਆਂ ਚਾਰ ਕੁਰਹਿਤਾਂ ਵਿਚ ਰੋਮਾਂ ਦੀ ਬੇਅਦਬੀ ਕਰਨ ਦੀ ਮਨਾਹੀ ਹੈ। ਕੇਸ ਅਤੇ ਦਸਤਾਰ ਸਿਰ ਨੂੰ ਸੁਰੱਖਿਅਤ ਰੱਖਣ ਦਾ ਵੀ ਇਕ ਸਾਧਨ ਹਨ।ਕੰਘਾ : ਇਹ ਤਨ ਅਤੇ ਮਨ ਦੀ ਸਫਾਈ ਦਾ ਚਿੰਨ੍ਹ ਹਨ। ਸਿੱਖ ਨੂੰ ਸਵੇਰੇ, ਸ਼ਾਮ ਕੰਘਾ ਕਰਨ ਦਾ ਆਦੇਸ਼ ਹੈ। ਗੁਰਸਿੱਖ ਆਤਮਿਕ ਅਤੇ ਸਰੀਰਿਕ ਸਫਾਈ ਨੂੰ ਇਕ ਸਮਾਨ ਮਹੱਤਤਾ ਦਿੰਦਾ ਹੈ।ਕਿਰਪਾਨ : ਇਹ ਸਵੈ-ਅਭਿਆਨ, ਨਿਡਰਤਾ, ਅਜ਼ਾਦੀ ਅਤੇ ਸ਼ਕਤੀ ਦਾ ਪ੍ਰਤੀਕਹੈ। ਕਿਰਪਾਨ ਦਾ ਅਰਥ : ਕ੍ਰਿਪਾ+ਆਨ, ਅਰਥਾਤ ਮਿਹਰ ਅਤੇ ਇੱਜਤ ਭਾਵ ਕ੍ਰਿਪਾ ਕਰਨ ਵਾਲੀ। ਇਹ ਨੇਕੀ ਤੇ ਬਦੀ ਦੇ ਸੰਘਰਸ਼ ਵਿਚ ਬਦੀ ਦੇ ਖਾਤਮੇ ਤੇ ਮਜ਼ਲੂਮ ਦੀ ਰੱਖਿਆ ਕਰਨ ਲਈ ਵਚਨਬੱਧ ਹੈ ਅਤੇ ਆਤਮਿਕ ਅਜ਼ਾਦੀ ਦਾ ਪ੍ਰਤੀਕ ਹੈ। ਕਿਰਪਾਨ ਸਿੱਖ ਦੁਆਰਾ ਧਾਰਨ ਉਸ ਪ੍ਰਣ ਦਾ ਚਿੰਨ੍ਹ ਹੈ ਜਿਸ ਅਨੁਸਾਰ ਉਸ ਨੇ ਪਰਮਾਤਮਾ ਦੁਆਰਾ ਦਿੱਤੀਆਂ ਬਖ਼ਸ਼ਿਸ਼ਾਂ, ਦਾਤਾਂ ਨੂੰ ਮਾਣਦਿਆਂ ਹੋਇਆਂ, ਅਨਿਆਂ, ਦੁਸ਼ਟਤਾ ਦਾ ਦਮਨ ਕਰ ਕੇ ਮਜ਼ਲੂਮ ਲੋਕਾਂ, ਸਚਾਈ ਤੇ ਨਿਆਂ ਦੀਰੱਖਿਆ ਕਰਨੀ ਹੈ। 'ਦੇਗ ਤੇਗ ਫਤਹ' ਦਾ ਉਦੇਸ਼ ਹੈ। ਦੇਗ ਜਿੱਥੇ ਸਰੀਰਿਕ ਬਲ ਦੀ ਸੂਚਕ ਹੈ, ਤੇਗ ਆਤਮਿਕ ਬਲ ਦੇ ਉਦੇਸ਼ ਤੇ ਕਰਤੱਵ ਦੀ ਸੂਚਕ ਹੈ। ਇਕ ਗੁਰਸਿੱਖ ਨੇ ਤੇਗ ਗ੍ਰਹਿਣ ਕਰ ਕੇ ਅਸੂਲਾਂ ਨੂੰ ਦ੍ਰਿੜ੍ਹਤਾ ਨਾਲ ਨਿਭਾਉਣਾ ਹੈ। ਮੁਗ਼ਲ ਹਕੂਮਤ ਵਿਚ ਆਮ ਆਦਮੀ ਲਈ ਹਥਿਆਰ ਰੱਖਣ, ਘੋੜ ਸਵਾਰੀ ਕਰਨ ਦੀ ਮਨਾਹੀ ਸੀ। ਗੁਰੂ ਸਾਹਿਬਾਨ ਨੇ ਜ਼ਹਿਨੀ ਗ਼ੁਲਾਮੀ ਨੂੰ ਦੂਰ ਕਰਨ ਲਈ ਇਸ ਦੇ ਖ਼ਿਲਾਫ਼ ਅਵਾਜ਼ ਉਠਾਈ। ਪੂਰਨ ਅਜ਼ਾਦੀ ਦਾ ਹੱਕ ਪ੍ਰਾਪਤ ਕਰਨ ਲਈ ਕਾਇਰ, ਬੁਜ਼ਦਿਲ ਲੋਕਾਂ ਵਿਚ ਨਵੀਂ ਰੂਹ ਫੂਕ ਦਿੱਤੀ ।ਕੜਾ: ਗੁਰੂ ਸਾਹਿਬ ਵੱਲੋਂ ਹਰ ਇਕ ਸਿੱਖ ਨੂੰ ਹੱਥ ਵਿਚ ਸਰਬ ਲੋਹ ਦਾ ਕੜਾ ਪਾਉਣ ਦਾ ਆਦੇਸ਼ ਹੈ। ਕੜਾ ਅੱਖਰ ਦਾ ਭਾਵ ਹੈ-ਤਗੜਾ ਜਾਂ ਮਜ਼ਬੂਤ। ਇਹ ਗੁਰੂ ਵੱਲੋਂ ਮਿਲੀ ਪ੍ਰੇਮ ਨਿਸ਼ਾਨੀ ਹੈ ਜੋ ਆਪਣੇ ਆਪ ਨੂੰ ਗੁਰੂ ਅੱਗੇ ਸਮਰਪਿਤ ਕਰਨ ਦਾ ਪ੍ਰਤੀਕ ਹੈ। ਇਹ ਮਨੁੱਖੀ ਜੀਵ ਦੀ ਪਰਮਾਤਮਾ ਪ੍ਰਤੀ ਸਿਦਕਮਈ ਪ੍ਰੀਤ ਨੂੰ ਪ੍ਰਗਟਾਉਂਦਾ ਹੈ। ਇਕ ਵਿਦਵਾਨ ਅਨੁਸਾਰ ਕੜਾ ਗੁਰਸਿੱਖ ਦੁਆਰਾ ਕੀਤੀ ਜਾਣ ਵਾਲੀ ਕਿਰਤ ਨੂੰ ਅਨੁਸ਼ਾਸਨ ਵਿਚ ਰੱਖ ਕੇ ਮਜ਼ਬੂਤੀ ਪ੍ਰਦਾਨ ਕਰਦਾ ਹੈ। ਕੜੇ ਦੇ ਅਰਥ, ਜੰਗ ਦੇ ਮੈਦਾਨ ਵਿਚ ਵਾਰ ਨੂੰ ਰੋਕਣ ਵਾਲੇ ਰੱਖਿਅਕ ਦੇ ਰੂਪ ਵਿਚ ਵੀ ਲਏ ਜਾਂਦੇ ਹਨ। ਹਰ ਸਿੱਖ ਦੇ ਹੱਥ ਵਿਚ ਕੜਾ ਪਹਿਨਣਾ ਜ਼ਰੂਰੀ ਹੈ। ਛੋਟੇ ਬੱਚੇ ਤੋਂ ਲੈ ਕੇ ਬਜ਼ੁਰਗ ਤਕ ਦੇ ਹੱਥ ਖਾਲੀ ਵਿਖਾਈ ਨਹੀਂ ਦਿੰਦੇ। ਗੁਰੂ ਸਾਹਿਬ ਦੁਆਰਾ ਲੋਹੇ ਦਾ ਕੜਾ ਕਕਾਰਾਂ ਵਿਚ ਸ਼ਾਮਲ ਕੀਤਾ ਹੈ।ਕਛਹਿਰਾ : ਕਛਹਿਰਾ ਜਤ ਦੀ ਨਿਸ਼ਾਨੀ ਹੈ। ਇਹ ਆਚਰਨ ਦਾ ਚਿੰਨ੍ਹ ਹੈ। ਗੁਰੂ ਸਾਹਿਬ ਨੇ ਸਿੱਖਾਂ ਲਈ ਸੀਤਾ (ਸਿਲਾਈ ਕੀਤਾ) ਹੋਇਆ ਕਛਹਿਰਾ ਪਹਿਨਣ ਦੀ ਰਹਿਤ ਦੱਸੀ।ਪੰਜ ਕਕਾਰ ਪਹਿਨ, ਖੰਡੇ ਦੀ ਪਾਹੁਲ ਛਕਣ ਵਾਲੇ ਖਾਲਸੇ ਨੂੰ ਗੁਰੂ ਜੀ ਨੇ ਆਪਣਾ ਰੂਪ ਕਹਿ ਕੇ ਸਿੱਖਾਂ ਨੂੰ ਬਰਾਬਰ ਦਾ ਦਰਜਾ ਅਤੇ ਸਨਮਾਨ ਪ੍ਰਦਾਨ ਕੀਤਾ:ਖਾਲਸਾ ਮੇਰੋ ਰੂਪ ਹੈ ਖਾਸ ਖਾਲਸੇ ਮਾਹਿ ਹਉਂ ਕਰੌਂ ਨਿਵਾਸ।ਪੰਜ ਕਕਾਰਾਂ ਦੀ ਰਹਿਤ ਸਿਰਫ ਚਿੰਨ੍ਹਾਤਮਕ ਰੂਪ ਵਿਚ ਸਦਾ ਜੁੜੇ ਰਹਿਣਾ ਖਾਲਸੇ ਦਾ ਉਦੇਸ਼ ਨਹੀਂ ਹੈ, ਸਗੋਂ ਇਹ ਸਿੱਖ ਦੀ ਜੀਵਨ ਜੁਗਤ ਹਨ ਜਿਸ ਨੂੰ ਅਮਲੀ ਰੂਪ ਵਿਚ ਗ੍ਰਹਿਣ ਕਰਨਾ ਹੈ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਤਾਂ ਹੀ ਫੁਰਮਾਇਆ ਹੈ:ਰਹਣੀ ਰਹੈ ਸੋਈ ਸਿਖ ਮੇਰਾ। ਵਹ ਠਾਕੁਰੁ ਮੈਂ ਉਸ ਕਾ ਚੇਰਾ।

**ਕਿਰਨਪਾਲ ਕੌਰ**

## ਪਰਮਾਤਮਾ ਸੁੰਨ-ਸਮਾਧ ਦੀ ਅਵਸਥਾ

ਭਗਤੀ ਤੋਂ ਪਹਿਲਾਂ ਪਰਮਾਤਮਾ ਦੀ ਹੋਂਦ ਦਾ ਅਹਿਸਾਸ ਹੋਣਾ ਚਾਹੀਦਾ ਹੈ, ਭਾਵੇਂ ਉਹ ਅਹਿਸਾਸ ਘਟਨਾਵਾਂ ਜਾਂ ਬਖ਼ਸ਼ਿਸ਼ਾਂ ਰਾਹੀਂ ਹੀ ਕਿਉਂ ਨਾ ਹੋਵੇ। ਵਿਸ਼ਵਾਸ ਤੈਅ ਕਰਦਾ ਹੈ ਕਿ ਪਰਮਾਤਮਾ ਹੈ। ਪਰਮਾਤਮਾ ਨਾਲ ਪਿਆਰ ਦੂਜਿਆਂ ਕਰਕੇ ਨਹੀਂ, ਆਪਣੇ ਕਰਕੇ ਹੋਣਾ ਚਾਹੀਦਾ ਹੈ। ਹਰ ਇਕ ਦਾ ਆਪੋ ਆਪਣਾ ਅਹਿਸਾਸ ਤੇ ਆਪੋ-ਆਪਣਾ ਅਨੁਭਵ ਹੁੰਦਾ ਹੈ। ਗੁਰੂ ਨਾਨਕ ਦੇਵ ਜੀ ਦਾ ਅਹਿਸਾਸ ਤੇ ਅਨੁਭਵ ਮਹਾਤਮਾ ਬੁੱਧ ਨਾਲੋਂ ਵੱਖਰਾ ਹੈ, ਮਹਾਂਵੀਰ ਦਾ ਅਹਿਸਾਸ ਤੇ ਅਨੁਭਵ ਆਪਣਾ ਹੈ। ਭਗਤਾਂ, ਸੰਤਾਂ, ਪੀਰਾਂ, ਫ਼ਕੀਰਾਂ ਦਾ ਆਪਣਾ ਅਹਿਸਾਸ ਹੈ। ਬੇਸ਼ੱਕ ਰੱਬ ਇਕ ਹੈ ਪਰ ਰੱਬ ਦੇ ਅਹਿਸਾਸ ਤੇ ਅਨੁਭਵ ਵੱਖੋ-ਵੱਖ ਹਨ। ਪਰਮਾਤਮਾ ਦਾ ਕੋਈ ਰੂਪ, ਕੋਈ ਰੰਗ ਨਹੀਂ ਹੁੰਦਾ, ਇਹ ਸਿਰਫ਼ ਅਹਿਸਾਸਾਂ ਰਾਹੀਂ ਬਖ਼ਸ਼ਿਸ਼ ਨਾਲ ਹੀ ਮਹਿਸੂਸ ਕੀਤਾ ਜਾ ਸਕਦਾ ਹੈ। ਮਹਿਸੂਸ ਹੋਣ ਤੋਂ ਪਹਿਲਾਂ ਅਹਿਸਾਸ ਹੁੰਦਾ ਤੇ ਅਹਿਸਾਸ ਵੀ ਵਿਰਲਿਆਂ ਨੂੰ ਹੀ ਹੁੰਦਾ, ਸਾਰਿਆਂ ਨੂੰ ਨਹੀਂ। ਧਰਮ, ਸੰਤ ਮਾਰਗ, ਰੂਹਾਨੀਅਤ ਪਰਮਾਰਥ, ਆਤਮਾ ਤੇ ਪਰਮਾਤਮਾ ਇਨ੍ਹਾਂ ਸ਼ਬਦਾਂ ਦੀ ਗਹਿਰਾਈ ਅਗਾਂਹ ਦੀ ਅਗਾਂਹ ਹੁੰਦੀ ਰਹਿੰਦੀ ਹੈ। ਪਰਮਾਤਮਾ ਬਾਰੇ ਹੁਣ ਤੱਕ ਦੁਨੀਆ 'ਤੇ ਜੋ ਵੀ ਬੋਲਿਆ, ਲਿਖਿਆ, ਸਮਝਿਆ, ਸਮਝਾਇਆ ਗਿਆ, ਜੇ ਉਸ ਨੂੰ ਇਕ ਥਾਂ ਇਕੱਠਾ ਵੀ ਕਰ ਲਈਏ ਤਾਂ ਵੀ ਇਨਸਾਨ ਪਰਮਾਤਮਾ ਨੂੰ ਬਿਆਨ ਨਹੀਂ ਕਰ ਸਕਦਾ ਤੇ ਨਾ ਹੀ ਭਵਿੱਖ ਵਿਚ ਕਰ ਸਕੇਗਾ।ਪਰਮਾਤਮਾ ਸ਼ਬਦਾਂ ਤੋਂ ਪਾਰ ਹੈ। ਜਿਸ ਨੇ ਵੀ ਨੂੰ ਜਪਿਆ, ਮਹਿਸੂਸ ਕਰ ਕੇ ਬਿਆਨ ਕੀਤਾ, ਅਖੀਰ ਉਸ ਨੇ ਅਕੱਥ ਕਹਿ ਕੇ ਸਿਰ ਝੁਕਾ ਦਿੱਤਾ। ਪਰਮਾਤਮਾ ਸ਼ਬਦਾਂ - ਤੇ ਚੁੱਪ ਦੀ ਪਹੁੰਚ ਤੋਂ ਪਾਰ ਸੁੰਨ-ਸਮਾਧ ਦੀ - ਅਵਸਥਾ ਹੈ। ਪਰਮਾਤਮਾ ਨੂਰ ਹੈ, ਜੋ ਇਨਸਾਨ = ਅੰਦਰ ਗੂੰਜ ਰਿਹਾ ਹੈ। ਇਸ ਗੂੰਜ ਰੂਪੀ ਅਨਹਦ - ਆਵਾਜ਼ ਨੂੰ ਸੁਣ ਕੇ ਹੀ ਮਹਾਨ ਨੂਰ ਦੇ ਝਲਕਾਰੇ - ਮਹਿਸੂਸ ਕਰਨ ਦੀ ਅਵਸਥਾ ਨੂੰ ਲਿਵ ਲੱਗਣਾ - ਆਖਦੇ ਹਨ। ਇਨਸਾਨੀ ਰੂਪ ਵਿਚ ਜਨਮ ਬੰਦੇ - ਨੂੰ ਪਰਮਾਤਮਾ ਦੀ ਬਖ਼ਸ਼ਿਸ਼ ਹੈ। ਪਰਮਾਤਮਾ ਵਲੋਂ - ਬਖ਼ਸ਼ੀਆਂ ਖ਼ੂਬਸੂਰਤ ਸੁਗਾਤਾਂ ਦੀ ਗਿਣਤੀ ਹੀ - ਨਹੀਂ ਹੈ। ਧਰਤੀ 'ਤੇ ਪੈਂਦੀ ਸੁਨਹਿਰੀ ਰੰਗ ਦੀਧੁੱਪ, ਬੰਦੇ ਦੇ ਸਾਹਾਂ ਨੂੰ ਮਹਿਕਾਉਂਦੀ ਹਵਾ ਅਤੇ ਆਸਮਾਨ ਤੋਂ ਬਾਰਿਸ਼ ਰਾਹੀਂ ਡਿਗ ਰਿਹਾ ਪਾਣੀ, ਰੱਬ ਦੀ ਮਿਹਰ ਹੀ ਤਾਂ ਹੈ। ਉਹ ਬੇਪ੍ਰਵਾਹ ਹੋ ਕੇ ਵੀ ਸਭ ਦੀ ਪ੍ਰਵਾਹ ਤੇ ਫਿਕਰ ਕਰਦਾ ਹੈ। ਜਾਤ, ਨਸਲ, ਹੱਦਾਂ-ਸਰਹੱਦਾਂ ਇਹ ਸਭ ਇਨਸਾਨ ਦੀਆਂ ਬਣਾਈਆਂ ਹੋਈਆਂ ਹਨ, ਜਦਕਿ ਪਰਮਾਤਮਾ ਨੇ ਬਖ਼ਸ਼ਿਸ਼ ਕਰਨ ਲੱਗਿਆਂ ਵਿਤਕਰਾ ਨਹੀਂ ਕੀਤਾ। ਪਰਮਾਤਮਾ ਨੇ ਇਨਸਾਨ ਤੋਂ ਇਲਾਵਾ ਅਜਿਹਾ ਕੁਝ ਨਹੀਂ ਬਣਾਇਆ।

ਪਰਮਾਤਮਾ ਦੀ ਬਣਾਈ ਹਰ ਥਾਂ ਪਵਿੱਤਰ ਤੇ ਪੂਜਣ ਯੋਗ ਹੈ। ਗੁਰੂ, ਸੰਤ, ਭਗਤ, ਪੈਗੰਬਰ ਸਭ ਸੁਨੇਹਾ ਲੈ ਕੇ ਆਏ ਸਨ, ਜੋ ਕੁਝ ਨੇ ਸੁਣਿਆ ਤੇ ਕੁਝ ਨੇ ਨਹੀਂ। ਗੁਰਬਾਣੀ, ਭਾਈ ਮਰਦਾਨਾ ਜੀ ਦੀ ਰਬਾਬ ਤੇ ਅਨੇਕਾਂ ਮਹਾਪੁਰਸ਼ਾਂ ਦੇ ਪਵਿੱਤਰ ਬੋਲ ਅੱਜ ਵੀ ਹਵਾਵਾਂ ਵਿਚ ਗੂੰਜ ਰਹੇ ਹਨ।



# ਖ਼ਾਲਸਈ ਜਾਹੋ-ਜਲਾਲ ਨਾਲ ਮਨਾਈ ਜਾਵੇਗੀ ਸ੍ਰੀ ਕੀਰਤਪੁਰ ਸਾਹਿਬ ਦੇ 400 ਸਾਲਾ ਸਥਾਪਨਾ ਦਿਵਸ ਦੀ ਸ਼ਤਾਬਦੀ-ਐਡਵੋਕੇਟ ਧਾਮੀ

## 29 ਅਪ੍ਰੈਲ ਤੋਂ 1 ਮਈ ਤੀਕ ਸ੍ਰੀ ਕੀਰਤਪੁਰ ਸਾਹਿਬ ਵਿਖੇ ਹੋਣਗੇ ਸ਼ਤਾਬਦੀ ਸਬੰਧੀ ਸਮਾਗਮ

## ਐਡਵੋਕੇਟ ਧਾਮੀ ਦੀ ਅਗਵਾਈ ’ਚ ਹੋਈ ਸ਼ਤਾਬਦੀ ਸਬੰਧੀ ਸਬ-ਕਮੇਟੀ ਦੀ ਇਕੱਤਰਤਾ



ਅੰਮ੍ਰਿਤਸਰ-ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੁਆਰਾ ਵਸਾਏ ਸ੍ਰੀ ਕੀਰਤਪੁਰ ਸਾਹਿਬ ਦਾ 400 ਸਾਲਾ ਸਥਾਪਨਾ ਦਿਵਸ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸਿੱਖ ਪ੍ਰੰਪਰਾਵਾਂ ਅਤੇ ਖ਼ਾਲਸਈ ਜਾਹੋ-ਜਲਾਲ ਨਾਲ ਮਨਾਇਆ ਜਾਵੇਗਾ। ਇਸ ਸਬੰਧੀ 29, 30 ਅਪ੍ਰੈਲ ਅਤੇ 1 ਮਈ 2026 ਨੂੰ ਗੁਰਦੁਆਰਾ ਸ੍ਰੀ ਕੀਰਤਪੁਰ ਸਾਹਿਬ ਵਿਖੇ ਵਿਸ਼ਾਲ ਪੱਧਰ ’ਤੇ ਗੁਰਮਤਿ ਸਮਾਗਮ ਹੋਣਗੇ। ਇਸ ਸਬੰਧੀ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦੀ ਅਗਵਾਈ ਹੇਠ ਅੱਜ ਸ੍ਰੀ ਕੀਰਤਪੁਰ ਸਾਹਿਬ ਦੇ 400 ਸਾਲਾ ਸਥਾਪਨਾ ਦਿਵਸ ਸਮਾਗਮਾਂ ਸਬੰਧੀ ਸਬ-ਕਮੇਟੀ ਦੀ ਇਕੱਤਰਤਾ ਹੋਈ, ਜਿਸ ਵਿਚ ਸ਼ਤਾਬਦੀ ਸਬੰਧੀ ਕੀਤੇ ਜਾਣ ਵਾਲੇ ਸਮਾਗਮਾਂ ਦੀ ਰੂਪ-ਰੇਖਾ ਉਲੀਕੀ ਗਈ।ਇਸ ਸਬੰਧੀ ਜਾਣਕਾਰੀ ਦਿੰਦਿਆਂ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਸ੍ਰੀ ਕੀਰਤਪੁਰ ਸਾਹਿਬ ਉਹ ਪਾਵਨ ਧਰਤੀ ਹੈ, ਜਿਸ ਨੂੰ ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਵਸਾਇਆ ਸੀ ਅਤੇ ਇਸ ਪਾਵਨ ਅਸਥਾਨ ’ਤੇ ਸ੍ਰੀ ਗੁਰੂ ਹਰਿਰਾਏ ਸਾਹਿਬ ਅਤੇ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਨੇ ਵੀ ਵਾਸ ਕੀਤਾ।

ਇਸ ਪਾਵਨ ਅਸਥਾਨ ਦੀ 400 ਸਾਲਾ ਸ਼ਤਾਬਦੀ ਸਮੂਹ ਸਿੱਖ ਜਥੇਬੰਦੀਆਂ ਅਤੇ ਸੰਗਤਾਂ ਦੇ ਸਹਿਯੋਗ ਨਾਲ ਵਿਸ਼ਾਲ ਪੱਧਰ ’ਤੇ ਮਨਾਈ ਜਾਵੇਗੀ। ਉਨ੍ਹਾਂ ਦੱਸਿਆ ਕਿ ਸ਼ਤਾਬਦੀ ਸਬੰਧੀ 29 ਅਪ੍ਰੈਲ ਨੂੰ ਸ੍ਰੀ ਅਖੰਡ ਪਾਠ ਸਾਹਿਬ ਦੀ ਆਰੰਭਤਾ ਹੋਵੇਗੀ ਅਤੇ ਰੈਣ-ਸਬਾਈ ਕੀਰਤਨ ਦਰਬਾਰ ਕਰਵਾਇਆ ਜਾਵੇਗਾ। 30 ਅਪ੍ਰੈਲ ਨੂੰ ਵੀ ਗੁਰਮਤਿ ਸਮਾਗਮ ਹੋਣਗੇ, ਜਿਸ ਵਿਚ ਪੰਥ ਪ੍ਰਸਿੱਧ ਕਥਾਵਾਚਕ, ਰਾਗੀ, ਢਾਡੀ ਤੇ ਕਵੀਸ਼ਰ ਜਥੇ ਸੰਗਤਾਂ ਨੂੰ ਗੁਰ-ਇਤਿਹਾਸ ਨਾਲ ਜੋੜਨਗੇ। ਸ਼ਤਾਬਦੀ ਸਬੰਧੀ ਮੁੱਖ ਸਮਾਗਮ 1 ਮਈ 2026 ਨੂੰ ਹੋਵੇਗਾ, ਜਿਸ ਵਿਚ ਸਿੰਘ ਸਾਹਿਬਾਨ, ਤਖ਼ਤ ਸਾਹਿਬਾਨ ਦੇ ਜਥੇਦਾਰ, ਸਿੱਖ ਪੰਥ ਦੀਆਂ ਸਮੂਹ ਧਾਰਮਿਕ ਜਥੇਬੰਦੀਆਂ, ਨਿਹੰਗ ਸਿੰਘ ਦਲਾਂ, ਕਾਰਸੇਵਾ ਵਾਲੇ ਮਹਾਂਪੁਰਖਾ ਸਮੇਤ ਪ੍ਰਮੁੱਖ ਸ਼ਖ਼ਸੀਅਤਾਂ ਸ਼ਮੂਲੀਅਤ ਕਰਨਗੀਆਂ।

ਉਨ੍ਹਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਵੱਲੋਂ ਸਮੂਹ ਸਿੱਖ ਸੰਪ੍ਰਦਾਵਾਂ, ਨਿਹੰਗ ਸਿੰਘ ਜਥੇਬੰਦੀਆਂ ਸਮੇਤ ਪ੍ਰਮੁੱਖ ਸ਼ਖ਼ਸੀਅਤਾਂ ਨੂੰ ਵਿਸ਼ੇਸ਼ ਤੌਰ ’ਤੇ ਸੱਦਾ ਪੱਤਰ ਭੇਜੇ ਜਾਣਗੇ। ਸ਼ਤਾਬਦੀ ਸਮਾਗਮਾਂ ਦੌਰਾਨ ਵਿਸ਼ੇਸ਼ ਤੌਰ ’ਤੇ ਅੰਮ੍ਰਿਤ ਸੰਚਾਰ ਸਮਾਗਮ ਵੀ ਹੋਣਗੇ।

ਸ਼੍ਰੋਮਣੀ ਕਮੇਟੀ ਪ੍ਰਧਾਨ ਨੇ ਕਿਹਾ ਕਿ ਸ਼ਤਾਬਦੀ ਸਬੰਧੀ ਸੰਗਤਾਂ ਨੂੰ ਪ੍ਰੇਰਣਾ ਕਰਨ ਵਾਸਤੇ ਧਰਮ ਪ੍ਰਚਾਰ ਕਮੇਟੀ ਦੇ ਪ੍ਰਚਾਰਕ ਜਥੇ ਪਿੰਡ-ਪਿੰਡ ਜਾ ਕੇ ਗੁਰਮਤਿ ਸਮਾਗਮ ਕਰਨਗੇ। ਉਨ੍ਹਾਂ ਸੰਗਤਾਂ ਨੂੰ ਸ਼ਤਾਬਦੀ ਸਬੰਧੀ ਹੋਣ ਵਾਲੇ ਸਮਾਗਮਾਂ ਵਿਚ ਪਰਿਵਾਰਾਂ ਸਮੇਤ ਸ਼ਮੂਲੀਅਤ ਕਰਨ ਦੀ ਅਪੀਲ ਕੀਤੀ। ਇਕੱਤਰਤਾ ’ਚ ਅੰਤ੍ਰਿੰਗ ਕਮੇਟੀ ਮੈਂਬਰ ਸ. ਦਲਜੀਤ ਸਿੰਘ ਭਿੰਡਰ, ਸ. ਸੁਰਜੀਤ ਸਿੰਘ ਤੁਗਲਵਾਲ, ਸ. ਮੰਗਵਿੰਦਰ ਸਿੰਘ ਖਾਪੜਖੇੜੀ, ਮੈਂਬਰ ਭਾਈ ਰਾਜਿੰਦਰ ਸਿੰਘ ਮਹਿਤਾ, ਭਾਈ ਅਮਰਜੀਤ ਸਿੰਘ ਚਾਵਲਾ, ਐਡਵੋਕੇਟ ਭਗਵੰਤ ਸਿੰਘ ਸਿਆਲਕਾ, ਸ. ਸੁਰਜੀਤ ਸਿੰਘ ਭਿੱਟੇਵੱਡ, ਭਾਈ ਗੁਰਬਖ਼ਸ਼ ਸਿੰਘ ਖਾਲਸਾ, ਸ. ਅਜਮੇਰ ਸਿੰਘ ਖੇੜਾ, ਸ. ਪ੍ਰਿਤਪਾਲ ਸਿੰਘ ਪਾਲੀ, ਸ. ਸੁਖਵਰਸ਼ ਸਿੰਘ ਪੰਨੂ, ਭਾਈ ਅਜੈਬ ਸਿੰਘ ਅਭਿਆਸੀ, ਸ. ਗੁਰਿੰਦਰਪਾਲ ਸਿੰਘ ਗੋਰਾ, ਓਐਸਡੀ ਸ. ਸਤਬੀਰ ਸਿੰਘ, ਸਕੱਤਰ ਸ. ਬਲਵਿੰਦਰ ਸਿੰਘ ਕਾਹਲਵਾਂ, ਨਿੱਜੀ ਸਕੱਤਰ ਸ. ਸ਼ਾਹਬਾਜ਼ ਸਿੰਘ, ਵਧੀਕ ਸਕੱਤਰ ਸ. ਬਿਜੈ ਸਿੰਘ, ਮੀਤ ਸਕੱਤਰ ਸ. ਜਸਵਿੰਦਰ ਸਿੰਘ ਜੱਸੀ, ਸ. ਹਰਭਜਨ ਸਿੰਘ ਵਕਤਾ, ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਮੈਨੇਜਰ ਸ. ਮਲਕੀਤ ਸਿੰਘ, ਵਧੀਕ ਮੈਨੇਜਰ ਸ. ਹਰਦੇਵ ਸਿੰਘ, ਇੰਚਾਰਜ ਸ. ਰਾਜਵਿੰਦਰ ਸਿੰਘ ਜੋਗਾ ਆਦਿ ਮੌਜੂਦ ਸਨ।

# ਪਾਪਾ ਬਾਝਹੁ ਹੋਵੈ ਨਾਹੀ

...ਇਸੁ ਜਰ ਕਾਰਣਿ ਘਣੀ ਵਿਗੁਤੀ ਇਨਿ ਜਰ ਘਣੀ ਖੁਆਈ।।
ਪਾਪਾ ਬਾਝਹੁ ਹੋਵੈ ਨਾਹੀ ਮੁਇਆ ਸਾਥਿ ਨ ਜਾਈ।।(ਆਸਾ ਮ: ੧, ਅੰਗ ੪੧੭)

ਪਹਿਲੇ ਪਾਤਸ਼ਾਹ ਗੁਰੂ ਨਾਨਕ ਸਾਹਿਬ ਦੁਆਰਾ ਉਚਾਰੀਆਂ ਆਸਾ ਰਾਗ ਵਿਚ ਅੰਕਿਤ ਇਨ੍ਹਾਂ ਪਾਵਨ-ਸਤਰਾਂ ਵਿਚ ਮਾਇਆਵਾਦੀ ਬਿਰਤੀ ਕਾਰਨ ਇਨਸਾਨੀ ਕਿਰਦਾਰ ਉੱਪਰ ਨਹਾਇਤ ਬੁਰਾ ਅਸਰ ਦਰਸਾਉਂਦਿਆਂ, ਰੂਹਾਨੀ ਜੀਵਨ ਲਈ ਇਸ ਮਾਇਆ ਦੇ ਬਿਲਕੁਲ ਹੀ ਨਾ ਸਹਾਇਕ ਹੋਣ ਦਾ ਸੱਚ ਵੀ ਦ੍ਰਿੜ੍ਹ ਕਰਵਾਇਆ ਹੈ।ਗੁਰੂ ਜੀ ਫ਼ਰਮਾਨ ਕਰਦੇ ਹਨ ਕਿ ਇਸ ਧਨ ਦੇ ਕਰਕੇ ਦੁਨੀਆਂ ਬਹੁਤ ਖਰਾਬ ਹੁੰਦੀ ਹੈ ਤੇ ਸੰਤਾਪ ਝੱਲਦੀ ਹੈ; ਇਸੇ ਧਨ ਕਾਰਨ ਇਹ ਡਾਹਢੀ ਹੀ ਖੁਆਰ ਹੋਈ ਹੈ। ਇਹੀ ਧਨ ਦੁਸ਼ਟ ਕਰਮਾਂ (ਕੰਮਾਂ) ਤੋਂ ਬਿਨਾਂ ਇਕੱਠਾ ਵੀ ਨਹੀਂ ਹੁੰਦਾ ਅਤੇ ਮਰਨ ਸਮੇਂ (ਮਨੁੱਖ ਦੇ) ਨਾਲ ਵੀ ਨਹੀਂ ਜਾਂਦਾ।ਪਾਵਨ ਗੁਰਬਾਣੀ ਵਿਚ ਗੁਰੂ ਸਾਹਿਬਾਨ ਨੇ ਮਨੁੱਖ ਮਾਤਰ ਨੂੰ ਜੀਵਨ ਦੇ ਹਰ ਖੇਤਰ ਵਿਚ ਵਿਚਰਨ ਲਈ ਉਚਿਤ ਸੇਧ ਤੇ ਦਿਸ਼ਾ ਪ੍ਰਦਾਨ ਕੀਤੀ ਹੋਈ ਹੈ। ਉਕਤ ਪਾਵਨ ਪੰਕਤੀਆਂ ਦੇ ਅਸਲ ਭਾਵ ਨੂੰ ਗ੍ਰਹਿਣ ਕਰਨ ਲਈ ਸਾਨੂੰ ਡੂੰਘੀ ਘੋਖਵੀਂ ਨਜ਼ਰ ਦੀ ਲੋੜ ਹੈ। ਸਾਨੂੰ ਗੁਰਬਾਣੀ ਵਿਚ ਵਿਦਮਾਨ ਗੁਰਮਤਿ ਦੇ ਆਰਥਿਕ ਨਜ਼ਰੀਏ ਸੰਬੰਧੀ ਸਪਸ਼ਟ ਹੋਣਾ ਪਵੇਗਾ। ਇਹ ਗੱਲ ਯਾਦ ਰਹੇ ਕਿ ਜੀਵਨ ਦਾ ਆਰਥਿਕ ਪਹਿਲੂ ਗੁਰਮਤਿ ਵਿਚ ਰੱਦ ਨਹੀਂ ਕੀਤਾ ਗਿਆ। ਮਨੁੱਖ ਨੂੰ ਆਪਣੀਆਂ ਜੀਵਨ ਲੋੜਾਂ ਪੂਰੀਆਂ ਕਰਨ ਲਈ ਗੁਜ਼ਾਰੇ ਯੋਗ ਧਨ ਜ਼ਰੂਰ ਚਾਹੀਦਾ ਹੈ। ਇਕ ਘਰਬਾਰੀ ਗ੍ਰਹਿਸਤੀ ਦੰਪਤੀ ਦਾ ਧਨ ਬਿਨਾਂ ਗੁਜ਼ਾਰਾ ਨਹੀਂ। ਗੁਰਮਤਿ ਵਿਚ ਗ੍ਰਹਿਸਤ ਜੀਵਨ ਉੱਪਰ ਕਿੰਨਾ ਬਲ ਹੈ। ਇਸ ਦੇ ਮੱਦੇਨਜ਼ਰ ਗ੍ਰਹਿਸਤੀ ਤੇ ਸਮਾਜਿਕ ਜੀਵਨ ਦੇ ਆਰਥਿਕ ਪਹਿਲੂ ਨੂੰ ਗੁਰੂ ਸਾਹਿਬਾਨ ਜਾਂ ਭਗਤ ਸਾਹਿਬਾਨ ਨੇ ਕਦਾਚਿਤ ਰੱਦ ਨਹੀਂ ਕੀਤਾ।ਦਰਅਸਲ ਗੁਰਮਤਿ ਨਜ਼ਰੀਆ ਸੰਤੁਲਿਤ ਨਜ਼ਰੀਆ ਹੈ। ਇਸ ਵਿਚ ਉਲਾਰਾਂ ਨੂੰ ਰੱਦ ਕੀਤਾ ਗਿਆ ਹੈ। ਇਕ ਬੰਨੇ ਉਲਾਰ ਹੋਇਆਂ ਦੂਜਾ ਪਾਸਾ ਅਣਗੌਲਿਆ ਰਹਿ ਜਾਣਾ ਸੁਭਾਵਿਕ ਹੁੰਦਾ ਹੈ। ਇਸ ਪ੍ਰਥਾਏ ਪੰਚਮ ਪਾਤਸ਼ਾਹ ਦੇ ਇਹ ਬਚਨ ਖਾਸ ਕਰਕੇ ਗੌਲਣ ਯੋਗ ਹਨ:

ਜਿਸੁ ਗ੍ਰਿਹਿ ਬਹੁਤੁ ਤਿਸੈ ਗ੍ਰਿਹਿ ਚਿੰਤਾ।।
ਜਿਸੁ ਗ੍ਰਿਹਿ ਥੋਰੀ ਸੁ ਫਿਰੈ ਭ੍ਰਮੰਤਾ।।
ਦੁਹੂ ਬਿਵਸਥਾ ਤੇ ਜੋ ਮੁਕਤਾ ਸੋਈ ਸੁਹੇਲਾ ਭਾਲੀਐ।।(ਮਾਰੂ ਮ: ੫, ਅੰਗ ੧੦੧੯)

ਅੱਜ ਤਾਂ ਮਾਇਆ ਇਕੱਠੀ ਕਰਨ ਦਾ ਰੁਝਾਨ ਗੁਰੂ ਸਾਹਿਬਾਨ ਦੇ ਸਮੇਂ ਨਾਲੋਂ ਕਈ ਗੁਣਾ ਵਧ ਚੁਕਾ ਹੈ। ਮਾਇਆ ਦੀ, ਪਦਾਰਥਕ ਸੁਖਾਂ ਦੀ ਪ੍ਰਾਪਤੀ ਦੀ ਦੌੜ ਨੇ ਮਨੁੱਖ ਦੀ ਮਾਨਸਿਕ ਸ਼ਾਂਤੀ ਉਸ ਕੋਲੋਂ ਖੋਹ ਲਈ ਹੈ। ਹੋਰ ਤਾਂ ਹੋਰ ਅਸੀਂ ਗੁਰੂ ਕੇ ਕਹਾਉਣ ਵਾਲੇ ਸਿੱਖ ਵੀ ਇਸ 'ਚ ਗੁਰੂ-ਬਚਨਾਂ ਦੇ ਤੱਤਸਾਰ ਨੂੰ ਭੁਲਾ ਕੇ ਇਸ ਦੌੜ 'ਚ ਬਰਾਬਰ ਦੇ ਭਾਈਵਾਲ ਬਣ ਰਹੇ ਹਾਂ। ਆਓ, ਅਸੀਂ ਇਸ ਗੁਰ ਫ਼ਰਮਾਨ ਦੀ ਸੇਧ ਵਿਚ ਚਲਦਿਆਂ ਜੀਵਨ ਦੇ ਨੈਤਿਕ ਤੇ ਸਦਾਚਾਰਕ ਪਹਿਲੂ ਨੂੰ ਮਜ਼ਬੂਤ ਕਰਨ ਵੱਲ ਤਵੱਜੋਂ ਦੇਈਏ!

ਤਦ ਹੀ ਅਸੀਂ ਗੁਰੂ ਕੇ ਸਿੱਖ ਕਹਾਉਣ ਦੇ ਹੱਕਦਾਰ ਹੋ ਸਕਾਂਗੇ।

# ਹੁਣ ਚੀਨ ਵਿੱਚ ਵੀ ਬੋਲੀ ਜਾਏਗੀ ਪੰਜਾਬੀ !

# ਚੀਨ ਦੀ ਯੂਨੀਵਰਸਿਟੀ ਨੇ ਵਿਦੇਸ਼ੀ ਭਾਸ਼ਾ ਕੋਰਸਾਂ ਵਿੱਚ ਪੰਜਾਬੀ ਕੀਤੀ ਸ਼ਾਮਲ

**ਬੀ.ਐਫ.ਐਸ.ਯੂ ਨੇ ਪੰਜਾਬੀ ਨੂੰ ਆਪਣੀਆਂ ਭਾਸ਼ਾਵਾਂ ਦੀ ਸੂਚੀ ਵਿੱਚ ਸ਼ਾਮਲ ਕੀਤਾ, ਜਿਸ ਨਾਲ ਇਹ 102-ਭਾਸ਼ਾਵਾਂ ਦਾ ਕੋਰਸ ਬਣ ਗਿਆ**

ਬੀਜਿੰਗ-ਚੀਨ ਦੀ ਬੀਜਿੰਗ ਫਾਰੇਨ ਸਟੱਡੀਜ਼ ਯੂਨੀਵਰਸਿਟੀ (ਬੀ.ਐਫ.ਐਸ.ਯੂ.) ਨੇ ਪੰਜਾਬੀ ਭਾਸ਼ਾ ਨੂੰ ਵਿਦੇਸ਼ੀ ਅਤੇ ਭਾਰਤੀ ਭਾਸ਼ਾਵਾਂ ਦੀ ਆਪਣੀ ਸੂਚੀ ਵਿੱਚ ਸ਼ਾਮਲ ਕੀਤਾ ਹੈ। ਬੀਜਿੰਗ ਫਾਰੇਨ ਸਟੱਡੀਜ਼ ਯੂਨੀਵਰਸਿਟੀ (ਬੀ.ਐਫ.ਐਸ.ਯੂ) ਨੇ ਪ੍ਰੋਫੈਸਰ ਜ਼ਮੀਰਪਾਲ ਕੌਰ ਸੰਧੂ ਬਾਜਵਾ, ਸਾਬਕਾ ਡੀਨ ਅਤੇ ਪ੍ਰੋਫੈਸਰ, ਸਕੂਲ ਆਫ਼ ਲੈਂਗੂਏਜ, ਲਿਟਰੇਚਰ ਐਂਡ ਕਲਚਰ, ਸੈਂਟਰਲ ਯੂਨੀਵਰਸਿਟੀ ਆਫ਼ ਪੰਜਾਬ, ਬਠਿੰਡਾ ਨੂੰ ਪੰਜਾਬੀ ਭਾਸ਼ਾ ਪੜ੍ਹਾਉਣ ਲਈ ਨਿਯੁਕਤ ਕੀਤਾ ਹੈ।101 ਭਾਸ਼ਾਵਾਂ ਲਈ ਅਧਿਆਪਨ ਪ੍ਰੋਗਰਾਮ ਪੇਸ਼ਪ੍ਰੋਫੈਸਰ ਜ਼ਮੀਰਪਾਲ ਕੌਰ ਸੰਧੂ ਬਾਜਵਾ ਨੇ ਪੀ.ਟੀ.ਆਈ. ਨੂੰ ਦੱਸਿਆ ਕਿ ਭਾਸ਼ਾ ਪੜ੍ਹਾਉਣ ਤੋਂ ਇਲਾਵਾ, ਉਹ ਪੰਜਾਬੀ ਇਤਿਹਾਸ ਅਤੇ ਸੱਭਿਆਚਾਰ ਦੀਆਂ ਕਲਾਸਾਂ ਵੀ ਚਲਾਏਗੀ ਅਤੇ ਚੀਨੀ ਅਧਿਆਪਕਾਂ ਨੂੰ ਪੰਜਾਬੀ ਭਾਸ਼ਾ ਸਿਖਾਉਣ ਲਈ ਸਿਖਲਾਈ ਦੇਵੇਗੀ। ਬੀਜਿੰਗ ਫਾਰੇਨ ਸਟੱਡੀਜ਼ ਯੂਨੀਵਰਸਿਟੀ (ਬੀ.ਐਫ.ਐਸ.ਯੂ) ਹਿੰਦੀ, ਤਾਮਿਲ ਅਤੇ ਉਰਦੂ ਸਮੇਤ 101 ਭਾਸ਼ਾਵਾਂ ਲਈ ਅਧਿਆਪਨ ਪ੍ਰੋਗਰਾਮ ਪੇਸ਼ ਕਰਦਾ ਹੈ।ਇਸ ਤੋਂ ਇਲਾਵਾ, ਬੀਜਿੰਗ ਫਾਰੇਨ ਸਟੱਡੀਜ਼ ਯੂਨੀਵਰਸਿਟੀ (ਬੀ.ਐਫ.ਐਸ.ਯੂ) ਨੇ ਪੰਜਾਬੀ ਨੂੰ ਆਪਣੀਆਂ ਭਾਸ਼ਾਵਾਂ ਦੀ ਸੂਚੀ ਵਿੱਚ ਸ਼ਾਮਲ ਕੀਤਾ, ਜਿਸ ਨਾਲ ਇਹ 102-ਭਾਸ਼ਾਵਾਂ ਦਾ ਕੋਰਸ ਬਣ ਗਿਆ। ਵਿਦੇਸ਼ੀ ਭਾਸ਼ਾਵਾਂ ਜ਼ਿਆਦਾਤਰ ਚੀਨੀ ਵਿਦਿਆਰਥੀਆਂ ਦੇ ਨਾਲ-ਨਾਲ ਡਿਪਲੋਮੈਟਾਂ ਅਤੇ ਅਧਿਕਾਰੀਆਂ ਨੂੰ ਵਿਦੇਸ਼ੀ ਭਾਸ਼ਾਵਾਂ ਵਿੱਚ ਮੁਹਾਰਤ ਹਾਸਲ ਕਰਨ ਲਈ ਸਿਖਾਈਆਂ ਜਾਂਦੀਆਂ ਹਨ।ਦੱਸ ਦਈਏ ਕਿ ਹੁਣ ਚੀਨੀ ਵਿਦਿਆਰਥੀ ਵੀ ਪੰਜਾਬੀ ਭਾਸ਼ਾ ਦੀਆਂ ਬਾਰੀਕੀਆਂ ਨੂੰ ਸਮਝਣਗੇ ਅਤੇ ਇਸਨੂੰ ਸਿੱਖਣਗੇ। ਇਹ ਕਦਮ ਪੰਜਾਬੀ ਭਾਸ਼ਾ ਦੇ ਵਧ ਰਹੇ ਵਿਸ਼ਵਵਿਆਪੀ ਪ੍ਰਭਾਵ ਨੂੰ ਦਰਸਾਉਂਦਾ ਹੈ। ਯੂਨੀਵਰਸਿਟੀ ਵੱਲੋਂ ਆਪਣੇ ਪਾਠਕ੍ਰਮ ਵਿੱਚ ਪੰਜਾਬੀ ਨੂੰ ਸ਼ਾਮਲ ਕਰਨਾ ਦੋਵਾਂ ਦੇਸ਼ਾਂ ਵਿਚਕਾਰ ਸੱਭਿਆਚਾਰਕ ਸਬੰਧਾਂ ਨੂੰ ਮਜ਼ਬੂਤ ਕਰਨ ਵਿੱਚ ਵੀ ਸਹਾਇਕ ਸਾਬਤ ਹੋ ਸਕਦਾ ਹੈ।

# ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਨੇ ਏਆਈ ਦੇ ਦੁਰਵਰਤੋਂ ’ਤੇ ਚਿੰਤਾ ਜਤਾਈ, ਇਤਰਾਜ਼ਯੋਗ ਸਮੱਗਰੀ ਨੂੰ ਤੁਰੰਤ ਰਿਪੋਰਟ ਕਰਨ ਲਈ ਦਿੱਤਾ ਸੰਦੇਸ਼

ਸ੍ਰੀ ਅੰਮ੍ਰਿਤਸਰ-ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਆਰਟੀਫੀਸ਼ੀਅਲ ਇੰਟੈਲੀਜੈਂਸ (ਏਆਈ) ਤਕਨੀਕ ਦੀ ਦੁਰਵਰਤੋਂ ਕਰਕੇ ਧਾਰਮਿਕ ਭਾਵਨਾਵਾਂ ਨੂੰ ਸੱਟ ਮਾਰਨ ਦੇ ਮਾਮਲਿਆਂ ਉੱਤੇ ਗਹਿਰੀ ਚਿੰਤਾ ਪ੍ਰਗਟ ਕਰਦਿਆਂ ਸਿੱਖ ਕੌਮ ਅਤੇ ਨੌਜਵਾਨਾਂ ਦੇ ਨਾਮ ਵਿਸ਼ੇਸ਼ ਸੰਦੇਸ਼ ਜਾਰੀ ਕੀਤਾ ਹੈ। ਉਨ੍ਹਾਂ ਕੌਮ ਨੂੰ ਆਗਾਹ ਕਰਦਿਆਂ ਕਿਹਾ ਕਿ ਜਦੋਂ ਵੀ ਏਆਈ ਨਾਲ ਬਣੀ ਕੋਈ ਇਤਰਾਜ਼ਯੋਗ ਵੀਡੀਓ, ਫੋਟੋ ਆਦਿ ਸਾਹਮਣੇ ਆਵੇ ਤਾਂ ਉਸ ਨੂੰ ਅਗਾਂਹ ਸਾਂਝੀ ਕਰਨ ਦੀ ਬਜਾਏ ਸਬੰਧਤ ਸੋਸ਼ਲ ਮੀਡੀਆ ਪਲੇਟਫਾਰਮ ਉੱਤੇ ਤੁਰੰਤ ਹੀ ਇਤਰਾਜ਼ਯੋਗ ਸਮੱਗਰੀ ਵਜੋਂ ਰਿਪੋਰਟ ਕਰਨਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਇਹ ਧਿਆਨ ਵਿੱਚ ਆਇਆ ਹੈ ਕਿ ਅਕਸਰ ਹੀ ਜਦੋਂ ਕੋਈ ਏਆਈ ਨਾਲ ਬਣੀ ਇਤਰਾਜ਼ਯੋਗ ਵੀਡੀਓ, ਫੋਟੋ ਆਦਿ ਸਾਹਮਣੇ ਆਉਂਦੀ ਹੈ ਤਾਂ ਸਾਡੇ ਲੋਕ ਉਸ ਸਮੱਗਰੀ ਨੂੰ ਆਪਣੇ ਸੋਸ਼ਲ ਮੀਡੀਆ ਮੰਚਾਂ ਉੱਤੇ ਅਪਲੋਡ ਜਾਂ ਸਾਂਝਾ ਕਰਕੇ ਹੋਰ ਵੀ ਅਗਾਂਹ ਫੈਲਾ ਦਿੰਦੇ ਹਨ, ਜਿਸ ਨਾਲ ਸ਼ਰਾਰਤੀ ਅਨਸਰਾਂ ਦਾ ਮੰਤਵ ਪੂਰਾ ਹੁੰਦਾ ਹੈ ਅਤੇ ਧਾਰਮਿਕ ਭਾਵਨਾਵਾਂ ਨੂੰ ਹੋਰ ਵੀ ਸੱਟ ਵੱਜਦੀ ਹੈ। ਇਸ ਦੀ ਬਜਾਏ ਵੀਡੀਓ, ਫੋਟੋ ਨੂੰ ਤੁਰੰਤ ਰਿਪੋਰਟ ਕੀਤਾ ਜਾਵੇ ਅਤੇ ਉਸ ਨੂੰ ਕਿਤੇ ਵੀ ਸਾਂਝਾ ਨਾ ਕੀਤਾ ਜਾਵੇ ਤਾਂ ਜੋ ਉਹ ਸਮੱਗਰੀ ਖਤਮ ਹੋ ਸਕੇ। ਉਨ੍ਹਾਂ ਕਿਹਾ ਕਿ ਮੀਡੀਆ, ਸੋਸ਼ਲ ਮੀਡੀਆ ਅਤੇ ਵੈੱਬ ਚੈਨਲਾਂ ਨੂੰ ਵੀ ਇਸ ਗੱਲ ਦਾ ਵਿਸ਼ੇਸ਼ ਧਿਆਨ ਰੱਖਣਾ ਚਾਹੀਦਾ ਹੈ ਕਿ ਉਹ ਧਾਰਮਿਕ ਭਾਵਨਾਵਾਂ ਨੂੰ ਸੱਟ ਮਾਰਨ ਵਾਲੀ ਏਆਈ ਸਮੱਗਰੀ ਨੂੰ ਡਾਊਨਲੋਡ ਕਰਕੇ ਆਪਣੇ ਮੰਚਾਂ ਉੱਤੇ ਅਪਲੋਡ ਨਾ ਕਰਨ, ਇਸ ਨਾਲ ਭਾਵਨਾਵਾਂ ਨੂੰ ਹੋਰ ਵੀ ਸੱਟ ਵੱਜਦੀ ਹੈ।ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਕਿਹਾ ਕਿ ਕੇਂਦਰ ਅਤੇ ਸੂਬਾ ਸਰਕਾਰਾਂ ਨੂੰ ਵੀ ਹਦਾਇਤ ਕੀਤੀ ਕਿ ਅਜਿਹੇ ਮਾਮਲਿਆਂ ਵਿੱਚ ਸਖਤੀ ਵਰਤੀ ਜਾਵੇ ਅਤੇ ਆਪਣੇ ਆਪ ਨੋਟਿਸ ਲੈ ਕਿ ਕਾਰਵਾਈ ਨੂੰ ਅਮਲ ਵਿੱਚ ਲਿਆਂਦਾ ਜਾਵੇ। ਉਨ੍ਹਾਂ ਕਿਹਾ ਕਿ ਇਹ ਸਰਕਾਰਾਂ ਦੀ ਜ਼ਿੰਮੇਵਾਰੀ ਹੈ ਕਿ ਉਹ ਏਆਈ ਤਕਨੀਕ ਦੀ ਦੁਰਵਰਤੋਂ ਕਰਕੇ ਧਾਰਮਿਕ ਭਾਵਨਾਵਾਂ ਨੂੰ ਸੱਟ ਮਾਰਨ ਵਾਲੇ ਵਰਤਾਰੇ ਨੂੰ ਠੱਲ੍ਹਣ।




# ਗੁਰਦੁਆਰਾ ਸਾਹਿਬ ਬਰਮਮਾਲਾ ਹੈਦਰਾਬਾਦ ਦੀ ਜਗ੍ਹਾ `ਤੇ ਜਬਰੀ ਕਬਜ਼ਾ ਨਿੰਦਣਯੋਗ ਕਾਰਵਾਈ: ਬਾਬਾ ਬਲਬੀਰ ਸਿੰਘ ਅਕਾਲੀ 96 ਕਰੋੜੀ


ਅੰਮ੍ਰਿਤਸਰ-ਨਿਹੰਗ ਸਿੰਘਾਂ ਦੀ ਸਿਰਮੌਰ ਸੰਸਥਾ ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਪੰਜਵਾਂ ਤਖ਼ਤ ਦੇ 14ਵੇਂ ਮੁਖੀ ਸਿੰਘ ਸਾਹਿਬ ਜਥੇਦਾਰ ਬਾਬਾ ਬਲਬੀਰ ਸਿੰਘ ਅਕਾਲੀ 96 ਕਰੋੜੀ ਨੇ ਹੈਦਰਾਬਾਦ ਵਿਖੇ ਗੁਰਦੁਆਰਾ ਸਾਹਿਬ ਬਰਮਬਾਲਾ ਦੀ ਜਗ੍ਹਾ `ਤੇ ਸਥਾਨਕ ਪ੍ਰਸ਼ਾਸਨ ਵੱਲੋਂ ਜਬਰੀ ਕਬਜ਼ਾ ਕਰਨ ਦੀ ਕੀਤੀ ਜਾ ਰਹੀ ਕਾਰਵਾਈ `ਤੇ ਗੰਭੀਰ ਸਵਾਲ ਉਠਾਉਂਦਿਆਂ ਇਸ ਦੀ ਕਰੜੇ ਸ਼ਬਦਾਂ ਵਿਚ ਨਿੰਦਾ ਕੀਤੀ ਹੈ।

ਉਨ੍ਹਾਂ ਕਿਹਾ ਕਿ ਗੁਰਦੁਆਰਾ ਸਾਹਿਬ ਨਾਲ ਸੰਬੰਧਤ ਜਗ੍ਹਾ `ਤੇ ਇਸ ਤਰ੍ਹਾਂ ਦੀ ਜਬਰਦਸਤੀ ਕਰਨੀ ਨਾ ਸਿਰਫ਼ ਦੁਖਦਾਈ ਹੈ, ਸਗੋਂ ਇਹ ਸਿੱਖ ਭਾਈਚਾਰੇ ਦੀਆਂ ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਵਾਲੀ ਵੀ ਹੈ। ਜਥੇਦਾਰ ਬਾਬਾ ਬਲਬੀਰ ਸਿੰਘ ਅਕਾਲੀ ਨੇ ਕਿਹਾ ਕਿ ਗੁਰਦੁਆਰਾ ਸਾਹਿਬ ਬਰਮਬਾਲਾ ਨੂੰ ਪੁਰਾਣੇ ਸਮੇਂ ਤੋਂ ਮਿਲੀ ਹੋਈ ਜਗ੍ਹਾ `ਤੇ ਪ੍ਰਸਾਸ਼ਨ ਵੱਲੋਂ ਜਬਰਨ ਕਬਜ਼ਾ ਕਰਨ ਦੀ ਕੋਸ਼ਿਸ਼ ਕਰਨਾ ਕਾਨੂੰਨ ਅਤੇ ਨਿਆਂ ਦੇ ਮੂਲ ਸਿਧਾਂਤਾਂ ਦੇ ਖ਼ਿਲਾਫ਼ ਹੈ।ਗੁਰਦੁਆਰਾ ਸਾਹਿਬ ਨਾਲ ਇਸ ਤਰ੍ਹਾਂ ਦੀ ਧੱਕੇਸ਼ਾਹੀ ਖਾਲਸਾ ਪੰਥ ਸਿੱਖ ਕੌਮ ਤੇ ਸਥਾਨਕ ਭਾਈਚਾਰਾ ਵੀ ਕਿਸੇ ਕੀਮਤ `ਤੇ ਬਰਦਾਸ਼ਤ ਨਹੀਂ ਕਰ ਸਕਦਾ। ਉਨ੍ਹਾਂ ਕਿਹਾ ਕਿ ਸਿੱਖ ਧਰਮ ਵਿਚ ਗੁਰਦੁਆਰਾ ਸਾਹਿਬਾਨ ਸੰਗਤ ਦੀ ਆਸਥਾ ਅਤੇ ਵਿਸ਼ਵਾਸ ਦਾ ਕੇਂਦਰ ਹਨ। ਜਿਥੇ ਹਰ ਧਰਮ ਦੇ ਲੋਕ ਨਤਮਸਤਕ ਹੁੰਦੇ ਹਨ ਤੇ ਲੋੜਵੰਦ ਲੰਗਰ ਪ੍ਰਸ਼ਾਦਾ ਵੀ ਛਕਦੇ ਹਨ। ਇਸ ਤਰਾਂ ਦੀ ਪ੍ਰਸ਼ਾਸਕੀ ਕਾਰਵਾਈ ਦੇ ਨਾਂ `ਤੇ ਗੁਰਦੁਆਰਾ ਸਾਹਿਬ ਦੀ ਜਗ੍ਹਾ `ਤੇ ਜਬਰੀ ਕਬਜ਼ਾ ਕਰਨ ਦੀ ਕੋਸ਼ਿਸ਼ ਸਿੱਖ ਕੌਮ ਦੀਆਂ ਧਾਰਮਿਕ ਭਾਵਨਾਵਾਂ `ਤੇ ਹਮਲਾ ਹੈ। ਉਨ੍ਹਾਂ ਕਿਹਾ ਕਿ ਸਰਕਾਰ ਇਸ ਧੱਕੇਸ਼ਾਹੀ ਵਾਲੀ ਕਾਰਵਾਈ ਤੋਂ ਤੁਰੰਤ ਪਿੱਛੇ ਹਟੇ। ਉਨ੍ਹਾਂ ਕੇਂਦਰ ਸਰਕਾਰ ਨੂੰ ਵੀ ਅਪੀਲ ਕੀਤੀ ਕਿ ਇਸ ਮਾਮਲੇ ਵਿਚ ਤੁਰੰਤ ਦਖ਼ਲ ਦੇ ਕੇ ਸਿੱਖ ਭਾਈਚਾਰੇ ਦੀਆਂ ਭਾਵਨਾਵਾਂ ਦਾ ਆਦਰ ਕੀਤਾ ਜਾਵੇ ਅਤੇ ਗੁਰਦੁਆਰਾ ਸਾਹਿਬ ਬਰਮਬਾਲਾ ਨਾਲ ਸਬੰਧਤ ਜਗ੍ਹਾ `ਤੇ ਕਬਜ਼ਾ ਦੀ ਨੀਅਤ ਨਾਲ ਕੀਤੀ ਜਾ ਰਹੀ ਕਾਰਵਾਈ ਨੂੰ ਮੁਕੰਮਲ ਤੌਰ `ਤੇ ਰੋਕਣ ਦਾ ਸਥਾਨਕ ਸੂਬੇ ਦੀ ਸਰਕਾਰ ਨੂੰ ਆਦੇਸ਼ ਜਾਰੀ ਕੀਤੇ ਜਾਣ। ਉਨ੍ਹਾਂ ਸਥਾਨਕ ਸੰਗਤਾਂ ਨੂੰ ਇਸ ਮਾਮਲੇ ਵਿਚ ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਪੰਜਵਾਂ ਤਖ਼ਤ ਵੱਲੋਂ ਪੂਰਨ ਸਹਿਯੋਗ ਦੀ ਵਚਨਬੱਧਤਾ ਪ੍ਰਗਟਾਉਂਦਿਆਂ ਕਿਹਾ ਕਿ ਕਿਸੇ ਵੀ ਧੱਕੇਸ਼ਾਹੀ ਵਿਰੁੱਧ ਖਾਲਸਾ ਪੰਥ ਪੂਰੇ ਵਿਸ਼ਵ ਦੀਆਂ ਸੰਗਤਾਂ ਨਾਲ ਖੜ੍ਹਾ ਹੈ ਅਤੇ ਖੜ੍ਹਾ ਰਹੇਗਾ।

# ਖ਼ਾਲਸਾ ਅਖ਼ਬਾਰ

ਗਿਆਨੀ ਦਿੱਤ ਸਿੰਘ ਜੀ ਦਾ ਪੰਜਾਬੀ ਪੱਤਰਕਾਰੀ ਨਾਲ ਬਹੁਤ ਗੂੜਾ ਸਬੰਧ ਰਿਹਾ ਤੇ ਖ਼ਾਲਸਾ ਅਖ਼ਬਾਰ (ਸਪਤਾਹਿਕ) ਜੋ ੧੩ ਜੂਨ ੧੮੮੬ ਈ. ਨੂੰ ਸ਼ੁਰੂ ਹੋਇਆ ਸੀ, ਇਹ ਸਿੰਘ ਸਭਾ ਲਾਹੌਰ ਨੇ ਆਪਣੇ ਉਦੇਸ਼ਾਂ ਤੇ ਪ੍ਰਚਾਰ ਨੂੰ ਮੁੱਖ ਰੱਖ ਕੇ ਸ਼ੁਰੂ ਕੀਤਾ ਸੀ। ਫਿਰ ੧੦ ਜੁਲਾਈ ੧੮੮੬ ਈ. ਤੋਂ ਖ਼ਾਲਸਾ ਅਖ਼ਬਾਰ ਦਾ ਨਾਮ 'ਖ਼ਾਲਸਾ ਅਖ਼ਬਾਰ ਲਾਹੌਰ ਲਿਖਣਾ ਸ਼ੁਰੂ ਹੋਇਆ। ਖ਼ਾਲਸਾ ਅਖਬਾਰ ਦੇ ਉਸ ਸਮੇਂ ਛਪੇ ਸੰਪਾਦਕੀ ਲੇਖਾਂ ਤੋਂ ਮਹਿਸੂਸ ਹੁੰਦਾ ਹੈ ਕਿ ਇਸ ਸਮੇਂ ਤੋਂ ਹੀ ਗਿਆਨੀ ਦਿੱਤ ਸਿੰਘ ਜੀ ਨੇ ਬਤੌਰ ਸੰਪਾਦਕ ਜ਼ਿੰਮੇਵਾਰੀ ਸੰਭਾਲ ਲਈ ਸੀ। ਫਿਰ ਅਕਤੂਬਰ ੧੮੮੯ ਤੋਂ ਬਾਅਦ ਇਸ ਅਖ਼ਬਾਰ ਦਾ ਕੋਈ ਵੀ ਅੰਕ ਪੜ੍ਹਨ ਨੂੰ ਨਹੀਂ ਮਿਲਿਆ ਤੇ ਕੁਝ ਸਮੇ ਲਈ ਇਹ ਅਖ਼ਬਾਰ ਛਪਣਾ ਬੰਦ ਹੋ ਗਿਆ ਸੀ। ਫਿਰ ੧ ਮਈ ੧੮੯੩ ਈ. ਤੋਂ ਲੈ ਕੇ ੨੩ ਅਗਸਤ ੧੯੦੧ ਈ. ਤੱਕ 'ਖ਼ਾਲਸਾ ਅਖ਼ਬਾਰ ਲਾਹੌਰ ਗਿਆਨੀ ਜੀ ਦੀ ਸੰਪਾਦਨਾ ਹੇਠ ਪ੍ਰਕਾਸ਼ਤ ਹੁੰਦਾ ਰਿਹਾ। ਪਹਿਲਾਂ ਇਹ ੮ ਪੰਨਿਆਂ ਦਾ ਸੀ ਪਰ ਜਨਵਰੀ ੧੮੯੮ ਤੋਂ ੧੨ ਪੰਨਿਆਂ ਦਾ ਛਪਣਾ ਸ਼ੁਰੂ ਹੋਇਆ। ੩੦ ਅਗਸਤ ੧੯੦੧ ਨੂੰ ਗਿਆਨੀ ਜੀ ਦੀ ਸਿਹਤ ਵਧੇਰੇ ਖ਼ਰਾਬ ਹੋਣ ਕਰਕੇ ਭਾਈ ਮੱਯਾ ਸਿੰਘ ਜੀ ਨੇ ਸੰਪਾਦਕੀ ਲਿਖੀ ਹੈ। ਫਿਰ ੬ ਸਤੰਬਰ ੧੯੦੧ ਨੂੰ ਦਿਨ ਦੇ ਸਾਢੇ ਦਸ ਵਜੇ ਗਿਆਨੀ ਜੀ ਅਕਾਲ ਚਲਾਣਾ ਕਰ ਗਏ। ਖ਼ਾਲਸਾ ਅਖ਼ਬਾਰ ਲਾਹੌਰ ਨੂੰ ਜਿਸ ਸਫ਼ਲਤਾ ਤੇ ਚੜ੍ਹਦੀ ਕਲਾ ਨਾਲ ਗਿਆਨੀ ਜੀ ਨੇ ਚਲਾਇਆ,ਇਹ ਸਿੱਖ ਪੱਤਰਕਾਰੀ ਨੂੰ ਉਹਨਾਂ ਦੀ ਮਹਾਨ ਦੇਣ ਕਹੀ ਜਾ ਸਕਦੀ ਹੈ। ਇਸ ਅਖ਼ਬਾਰ ਨੇ ਸਿੱਖ ਪੰਥ ਵਿਚ ਪੁਨਰ ਜਾਗ੍ਰਿਤੀ ਲਿਆਉਣ ਅਹਿਮ ਭੂਮਿਕਾ ਨਿਭਾਈ ਹੈ। ਬਾਅਦ ਵਿਚ ਇਹ ਅਖ਼ਬਾਰ ੧੯੦੫ ਈ. ਤੱਕ ਭਾਈ ਮੱਯਾ ਸਿੰਘ ਜੀ ਦੀ ਸੰਪਾਦਨਾ ਹੇਠ ਪ੍ਰਕਾਸ਼ਤ ਹੁੰਦਾ ਰਿਹਾ ਅਤੇ ਬਾਅਦ ਵਿਚ ਸਮੇਂ ਦੇ ਗੇੜ ਵਿਚ ਚਲਦਾ ਹੋਇਆ ਬੰਦ ਹੋ ਗਿਆ।

ਅਸੀਂ ਆਪਣੇ ਉਨ੍ਹਾਂ ਪੁਰਖਿਆਂ ਦੇ ਪਾਏ ਪੂਰਨਿਆਂ 'ਤੇ ਚਲਦੇ ਹੋਏ ਮੁੜ ਕੋਸ਼ਿਸ਼ ਕਰ ਕੇ 'ਖ਼ਾਲਸਾ ਅਖ਼ਬਾਰ' ਨੂੰ ਦੁਬਾਰਾ ਪ੍ਰਕਾਸ਼ਿਤ ਕਰ ਕੇ ਪਾਠਕਾਂ ਦੀ ਖੁਸ਼ੀ ਲੈ ਰਹੇ ਹਾਂ। ਇਸ ਵਿਚ ਸਿੱਖ ਰਹਿਤ ਮਰਯਾਦਾ, ਸਿੱਖ ਇਤਿਹਾਸ, ਸਿੱਖ ਸਿਧਾਂਤਾਂ, ਸਿੱਖ ਸਰਗਰਮੀਆਂ ਨਾਲ ਸੰਬੰਧਿਤ ਪੰਥ ਦੇ ਉੱਘੇ ਵਿਦਵਾਨਾਂ, ਦਾਰਸ਼ਨਿਕਾਂ ਤੇ ਚਿੰਤਕਾਂ ਆਦਿ ਦੇ ਲੇਖ ਪੜ੍ਹਨ ਨੂੰ ਮਿਲਣਗੇ।




## ਇੱਕ ਕੋਸ਼ਿਸ਼

**ਸਾਡੇ ਪੁਰਾਤਨ ਅਖ਼ਬਾਰ ਨੂੰ ਮੁੜ ਤੋਂ ਸੁਰਜੀਤ ਕਰਨ ਦੀ**

**ਪੁਰਖਿਆਂ ਦੀ ਪੈੜ 'ਚ ਪੈਰ ਧਰਦਾ**

**'ਖ਼ਾਲਸਾ ਅਖ਼ਬਾਰ'**

**ਆਪ ਪੜ੍ਹੋ ਤੇ ਹੋਰਨਾਂ ਨੂੰ ਪੜ੍ਹਾਓ !**

+44 74913 74913

www.khalsaakhbaar.com

editor@khalsaakhbaar.com

@khalsaakhbaar

